ਬੁੱਧਵਾਰ, 17 ਜੂਨ, 2026

3 ਹਾੜ੍ਹ { ਨਾਨਕਸ਼ਾਹੀ 558 / ਬਿਕਰਮੀ 2083

ਜਿਲਦ/VOL. : 75

ਅੰਕ/NO. : 16

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 17 JUNE, 2026 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

# ਫਰਜ਼ੀ ਵੀਡੀਓ 'ਚ ਮੈਂ ਨਹੀਂ : ਮਾਨ

## ਸੁਖਬੀਰ ਬਾਦਲ ਦੇ ਇਸ਼ਾਰੇ 'ਤੇ ਮੇਰੇ ਖਿਲਾਫ਼ ਸਾਜ਼ਿਸ਼ ਰਚੀ ਗਈ



**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ, ਕ੍ਰਿਸ਼ਨ ਗਰਗ)**
ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਉਨ੍ਹਾ ਨਾਲ ਜੋੜੀ ਜਾ ਰਹੀ ਇੱਕ ਫਰਜ਼ੀ ਵੀਡੀਓ ਨੂੰ ਸਿਰੇ ਤੋਂ ਨਕਾਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਦੇ ਇਸ਼ਾਰੇ ਤੇ ਉਨ੍ਹਾ ਨੂੰ ਬਦਨਾਮ ਕਰਨ ਅਤੇ ਉਨ੍ਹਾ ਦੀ ਸਰਕਾਰ ਦੇ ਲੋਕ-ਪੱਖੀ ਫੈਸਲਿਆਂ ਨੂੰ ਲੀਹ ਤੋਂ ਲਾਹੁਣ ਲਈ ਕੋਝੀ ਹਰਕਤ ਅਤੇ ਸਿਆਸਤ ਤੋਂ ਪ੍ਰੇਰਿਤ ਸਾਜ਼ਿਸ਼ ਰਚੀ ਜਾ ਰਹੀ ਹੈ।

ਇਸ ਘਟਨਾ ਨੂੰ ਸਰਕਾਰ ਦੇ ਸਖ਼ਤ ਬੇਅਦਬੀ ਵਿਰੋਧੀ ਕਾਨੂੰਨ ਅਤੇ ਪੰਜਾਬ ਪੱਖੀ ਫੈਸਲਿਆਂ ਤੋਂ ਘਬਰਾ ਕੇ ਬੁਖਲਾਹਟ ਭਰੀ ਕੋਸ਼ਿਸ਼ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਵਿਰੁੱਧ ਕੂੜ ਪ੍ਰਚਾਰ ਕਰਨ ਲਈ ਸਿਆਸੀ ਪ੍ਰਭਾਵ ਹੇਠ ਕੰਮ ਕਰ ਰਹੇ ਅਹੁਦੇਦਾਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ।ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਰਵਉਚ ਮੰਨਦੇ ਹਨ ਅਤੇ ਸਤਿਕਾਰ ਵਜੋਂ ਇਸ ਦੀ ਅਥਾਰਟੀ ਅੱਗੇ ਪੂਰੀ ਨਿਮਰਤਾ ਨਾਲ ਸਿਰ ਝੁਕਾਉਂਦੇ ਹਨ।ਇਸ ਦੇ ਨਾਲ ਹੀ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਨੂੰ ਬਦਨਾਮ ਕਰਨ ਦੀਆਂ ਕੀਤੀਆਂ ਜਾ ਰਹੀਆਂ ਕੋਝੀਆਂ ਹਰਕਤਾਂ ਦੀ ਪ੍ਰਵਾਹ ਕੀਤੇ ਬਿਨਾਂ ਉਹ ਪੰਜਾਬ ਦੇ ਪਾਣੀ, ਜਵਾਨੀ, ਕਿਸਾਨੀ ਅਤੇ ਬਾਣੀ ਦੇ ਹਿੱਤ ਵਿੱਚ ਦਲੇਰਾਨਾ ਫੈਸਲੇ ਲੈਂਦੇ ਰਹਿਣਗੇ।ਐੱਕਸ 'ਤੇ ਲਿਖਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼ਰੇਆਮ ਅਕਾਲੀ ਦਲ ਦੇ ਪ੍ਰਚਾਰਕ ਬਣ ਗਏ ਹਨ।ਹੁਣ ਤਾਂ ਸਿਰਫ਼ ਇਹੀ ਕਸਰ ਬਾਕੀ ਰਹਿ ਗਈ ਹੈ ਕਿ ਜਥੇਦਾਰ ਸਾਹਿਬ ਰਾਹੀਂ ਇਹ ਫ਼ਰਮਾਨ ਜਾਰੀ ਕਰਵਾ ਦਿੱਤਾ ਜਾਵੇ ਕਿ ਸੁਖਬੀਰ ਬਾਦਲ ਨੂੰ ਵੋਟਾਂ ਪਾਓ, ਨਹੀਂ ਤਾਂ ਪੰਥ ਖ਼ਤਰੇ ਵਿੱਚ ਹੈ। ਅਜਿਹਾ ਫੈਸਲਾ ਕਿਸੇ ਵੀ ਵੇਲੇ ਲਿਆ ਜਾ ਸਕਦਾ ਹੈ।

ਇੱਕ ਵੀਡੀਓ ਸੰਦੇਸ਼ ਵਿੱਚ ਮੁੱਖ ਮੰਤਰੀ ਮਾਨ ਨੇ ਦੁਨੀਆ ਭਰ ਦੇ ਪੰਜਾਬੀਆਂ ਨੂੰ ਮੁਖਾਤਬ ਹੁੰਦਿਆਂ ਕਿਹਾ, ਇਹ ਵੀਡੀਓ ਮੇਰੀ ਨਹੀਂ ਅਤੇ ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਦੇ ਸਾਹਮਣੇ ਪਹਿਲਾਂ ਹੀ ਇਹ ਸਪੱਸ਼ਟ ਕਰ ਦਿੱਤਾ ਸੀ।ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਜਾਰੀ ਕੀਤੇ ਆਦੇਸ਼ਾਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, ਇਹ ਦਾਅਵਾ ਕੀਤਾ ਗਿਆ ਹੈ ਕਿ ਇਹ ਵੀਡੀਓ ਉਨ੍ਹਾ ਦੀ ਸੀ ਅਤੇ ਇਹ ਏ ਆਈ ਦੁਆਰਾ ਤਿਆਰ ਨਹੀਂ ਕੀਤੀ ਗਈ ਸੀ, ਪਰ ਜਦੋਂ ਮੈਨੂੰ ਬੁਲਾਇਆ ਗਿਆ ਤਾਂ ਮੈਂ • ਬਾਕੀ ਸਫਾ 2 'ਤੇ

## 75,000 ਰੁਪਏ ਤੱਕ ਦੇ ਸਹਿਕਾਰੀ ਫਸਲੀ ਕਰਜ਼ਿਆਂ 'ਤੇ ਫੇਰੀ ਲਕੀਰ

**ਚੇਨਈ** : ਤਾਮਿਲਨਾਡੂ ਦੇ ਮੁੱਖ ਮੰਤਰੀ ਸੀ ਜੋਸਫ਼ ਵਿਜੇ ਨੇ ਮੰਗਲਵਾਰ 1 ਮਈ, 2025 ਤੋਂ 28 ਫਰਵਰੀ 2026 ਤੱਕ ਸਹਿਕਾਰੀ ਬੈਂਕਾਂ ਰਾਹੀਂ ਕਿਸਾਨਾਂ ਦੁਆਰਾ ਲਏ ਗਏ 75,000 ਰੁਪਏ ਤੱਕ ਦੇ ਫਸਲ ਕਰਜ਼ੇ ਦੀ ਪੂਰੀ ਮੁਆਫ਼ੀ ਦਾ ਐਲਾਨ ਕੀਤਾ ਹੈ। ਇਸ ਮੁਆਫ਼ੀ ਨਾਲ ਰਾਜ ਭਰ ਦੇ 14.43 ਲੱਖ ਕਿਸਾਨਾਂ ਨੂੰ ਲਾਭ ਹੋਵੇਗਾ ਅਤੇ ਰਾਜ ਸਰਕਾਰ ਨੂੰ 5,932 ਕਰੋੜ ਰੁਪਏ ਦਾ ਵਾਧੂ ਖਰਚਾ ਪਵੇਗਾ। ਇੱਥੇ ਸਕੱਤਰੇਤ ਵਿਖੇ ਮੰਤਰੀਆਂ ਅਤੇ ਸੀਨੀਅਰ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਨੇ ਕਿਹਾ ਕਿ ਜਿਨ੍ਹਾਂ ਕਿਸਾਨਾਂ ਨੇ 75,000 ਰੁਪਏ ਤੋਂ ਵੱਧ ਦਾ ਕਰਜ਼ਾ ਲਿਆ ਹੈ, ਉਨ੍ਹਾਂ ਨੂੰ 35,000 ਰੁਪਏ ਦੀ ਛੋਟ ਮਿਲੇਗੀ।

ਪ੍ਰੈੱਸ ਰਿਲੀਜ਼ ਦੇ ਅਨੁਸਾਰ ਇਹ ਫਸਲੀ ਕਰਜ਼ਾ ਮੁਆਫ਼ੀ ਉਨ੍ਹਾਂ ਕਿਸਾਨਾਂ ਲਈ ਬਹੁਤ ਫਾਇਦੇਮੰਦ ਹੋਵੇਗੀ, ਜੋ ਆਉਣ ਵਾਲੇ ਕਾਸ਼ਤ ਸੀਜ਼ਨ ਲਈ ਕਰਜ਼ੇ ਪ੍ਰਾਪਤ ਕਰਨਾ ਚਾਹੁੰਦੇ ਹਨ।

## ਮੇਰੇ 'ਤੇ ਸੰਘ ਦੇ ਬੰਦਿਆਂ ਨੇ ਹਮਲਾ ਕੀਤਾ : ਦੀਪਕੇ



**ਨਾਗਪੁਰ (ਨ ਜ਼ ਸ)**
ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੇ ਬਾਨੀ ਅਭਿਜੀਤ ਦੀਪਕੇ ਨੇ ਮੰਗਲਵਾਰ ਦੋਸ਼ ਲਗਾਇਆ ਕਿ ਜੈਪੁਰ ਵਿੱਚ ਉਸ 'ਤੇ ਹੋਏ ਹਮਲੇ ਵਿੱਚ ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐੱਸ ਐੱਸ) ਦੇ ਮੈਂਬਰ ਸ਼ਾਮਲ ਸਨ। ਇੱਥੇ ਪ੍ਰਦਰਸ਼ਨ ਤੋਂ ਪਹਿਲਾਂ ਦੀਪਕੇ ਨੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ, "ਜਦੋਂ ਵੀ ਕੋਈ ਸਰਕਾਰ ਜਾਂ ਇਸ ਦੀ ਵਿਚਾਰਧਾਰਾ ਵਿਰੁੱਧ ਬੋਲਦਾ ਹੈ ਤਾਂ ਇਹੀ ਹੁੰਦਾ ਹੈ। ਇਸ ਵਿੱਚ ਕੁਝ ਵੀ ਨਵਾਂ ਨਹੀਂ ਹੈ।" ਸੋਮਵਾਰ ਜੈਪੁਰ ਵਿੱਚ ਪ੍ਰਦਰਸ਼ਨ ਦੌਰਾਨ ਭੀੜ ਵਿੱਚ ਮੌਜੂਦ ਨੌਜਵਾਨਾਂ ਨੇ ਦੀਪਕੇ ਨੂੰ ਥੱਪੜ ਮਾਰੇ ਸਨ।

ਇਹ ਪੁੱਛੇ ਜਾਣ 'ਤੇ ਕਿ ਕੀ ਸੀ ਜੇ ਪੀ ਚੋਣਾਂ ਲੜੇਗੀ, ਦੀਪਕੇ ਨੇ ਕਿਹਾ, "ਸਾਨੂੰ ਚੋਣਾਂ ਕਿਉਂ ਲੜਨੀਆਂ ਚਾਹੀਦੀਆਂ ਹਨ? ਮੇਰਾ ਮਤਲਬ ਹੈ, ਜੇ ਇਸ ਦੇਸ਼ ਵਿੱਚ ਹਰ ਕਿਸੇ ਨੂੰ ਆਪਣੇ ਹੱਕਾਂ ਦੀ ਮੰਗ ਕਰਨ ਲਈ ਚੋਣਾਂ ਲੜਨੀਆਂ ਪੈਣ... ਤਾਂ ਇਹ ਕਿਵੇਂ ਕੰਮ ਕਰੇਗਾ?" ਇਹ ਪੁੱਛੇ ਜਾਣ 'ਤੇ ਕਿ ਕੀ ਪ੍ਰਧਾਨ ਮੰਤਰੀ ਨੂੰ ਦੇਸ਼ ਦੇ ਨੌਜਵਾਨਾਂ ਨੂੰ ਸੰਬੋਧਨ ਕਰਨਾ ਚਾਹੀਦਾ ਹੈ ਅਤੇ ਭਰੋਸਾ ਦੇਣਾ ਚਾਹੀਦਾ ਹੈ ਕਿ ਪੇਪਰ ਲੀਕ ਦੁਬਾਰਾ ਨਹੀਂ ਹੋਵੇਗਾ, ਦੀਪਕੇ ਨੇ ਕਿਹਾ ਕਿ ਮੋਦੀ ਨੂੰ ਪਹਿਲਾਂ ਉਨ੍ਹਾਂ ਪੰਜ ਜਾਂ ਛੇ ਵਿਦਿਆਰਥੀਆਂ ਦੇ ਮਾਪਿਆਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ, ਜਿਨ੍ਹਾਂ ਨੇ ਖੁਦਕੁਸ਼ੀ ਕੀਤੀ ਸੀ (3 ਮਈ ਨੂੰ ਹੋਣ ਵਾਲੀ ਨੀਟ-ਯੂ ਜੀ ਪ੍ਰੀਖਿਆ ਰੱਦ ਹੋਣ ਤੋਂ ਬਾਅਦ)। ਦੀਪਕੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਜੀ ਦੁਨੀਆ ਭਰ ਵਿੱਚ ਕੁਝ ਵੀ ਵਾਪਰਦਾ ਹੈ ਤਾਂ ਟਵੀਟ ਕਰਦੇ ਹਨ, ਪਰ ਇੱਥੇ ਇਸ ਦੇਸ਼ ਦੇ ਵਿਦਿਆਰਥੀ ਖੁਦਕੁਸ਼ੀ ਕਰ ਰਹੇ ਹਨ ਅਤੇ ਪ੍ਰਧਾਨ ਮੰਤਰੀ ਵੱਲੋਂ ਉਨ੍ਹਾਂ ਲਈ ਇੱਕ ਵੀ ਸ਼ੋਕ ਟਵੀਟ ਨਹੀਂ ਹੈ। ਉਹ ਕਦੋਂ ਤੱਕ ਆਪਣੇ 'ਮਨ ਕੀ ਬਾਤ' ਅਤੇ 'ਪ੍ਰੀਖਿਆ ਪੇ ਚਰਚਾ' ਬਾਰੇ ਗੱਲ ਕਰਨਗੇ? ਘੱਟੋ-ਘੱਟ ਵਿਦਿਆਰਥੀਆਂ ਦੀ 'ਮਨ ਕੀ ਬਾਤ' ਤਾਂ ਸੁਣਨ। ਜੇ ਪ੍ਰਧਾਨ ਮੰਤਰੀ ਵਿਦਿਆਰਥੀਆਂ ਨਾਲ ਗੱਲਬਾਤ ਕਰਦੇ ਹਨ, ਤਾਂ ਉਹ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸਮਝ ਸਕਦੇ ਹਨ ਅਤੇ ਹੱਲ ਲੱਭ ਸਕਦੇ ਹਨ। ਉਸ ਨੇ ਦੁਹਰਾਇਆ ਕਿ ਸੀ ਜੇ ਪੀ ਦਾ ਦੇਸ਼-ਵਿਆਪੀ ਵਿਰੋਧ ਉਦੋਂ ਤੱਕ ਨਹੀਂ ਰੁਕੇਗਾ, ਜਦੋਂ ਤੱਕ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਅਸਤੀਫਾ ਨਹੀਂ ਦੇ ਦਿੰਦੇ।

## ਕੀ ਖੱਟਿਆ ਅਮਰੀਕਾ ਦੇ ਬਾਪੂ ਨੇ?



**ਵਾਸ਼ਿੰਗਟਨ (ਨ ਜ਼ ਸ)**-ਡੋਨਾਲਡ ਟਰੰਪ ਨੇ ਈਰਾਨ 'ਤੇ ਹਮਲਾ ਕਰਕੇ ਆਖਰ ਕੀ ਪ੍ਰਾਪਤ ਕੀਤਾ? ਉਸ ਦੇ ਬਹੁਤ ਸਾਰੇ ਮੂਲ ਉਦੇਸ਼ ਅਣਸੁਲਝੇ ਰਹੇ ਹਨ। ਉਹ ਭਵਿੱਖ ਦੀਆਂ ਗੱਲਾਂਬਾਤਾਂ ਲਈ ਮੁਲਤਵੀ ਕਰ ਦਿੱਤੇ ਗਏ ਹਨ ਜਾਂ ਈਰਾਨ ਨਾਲ ਸਹੀਬੰਦ ਕੀਤੇ ਸਮਝੌਤੇ ਤੋਂ ਪੂਰੀ ਤਰ੍ਹਾਂ ਗੈਰ ਹਾਜ਼ਰ ਹਨ। ਟਰੰਪ ਨੇ 28 ਫਰਵਰੀ ਨੂੰ ਈਰਾਨ 'ਤੇ ਹਮਲਾ ਕੀਤਾ ਤਾਂ ਉਸ ਨੇ ਕੁਝ ਟੀਚਿਆਂ ਦੀ ਰੂਪ-ਰੇਖਾ ਤਿਆਰ ਕੀਤੀ-ਈਰਾਨ ਦੇ ਸ਼ਾਸਨ ਨੂੰ ਉਖਾੜ ਸੁੱਟਣਾ, ਦੇਸ਼ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਖਤਮ ਕਰਨਾ, ਇਸ ਦੇ ਮਿਜ਼ਾਈਲ ਉਦਯੋਗ ਨੂੰ ਤਬਾਹ ਕਰਨਾ, ਇਸ ਦੀ ਜਲ ਸੈਨਾ ਨੂੰ ਤਬਾਹ ਕਰਨਾ ਅਤੇ ਖੇਤਰੀ ਹਥਿਆਰਬੰਦ ਸਮੂਹਾਂ ਲਈ ਇਸ ਦੇ ਸਮਰਥਨ ਨੂੰ ਰੋਕਣਾ। ਦਰਅਸਲ, ਜੰਗ ਦੇ ਅੱਗੇ ਵਧਣ ਦੇ ਨਾਲ-ਨਾਲ ਟਰੰਪ ਟੀਚੇ ਬਦਲਦਾ ਰਿਹਾ। ਉਦਾਹਰਣ ਵਜੋਂ ਹਾਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹਣਾ, ਜੋ ਕਿ ਸਿਰਫ • ਬਾਕੀ ਸਫਾ 2 'ਤੇ

## 'ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਹਵਾਈ ਅੱਡਾ'

**ਨਵੀਂ ਦਿੱਲੀ** : ਕੇਂਦਰ ਸਰਕਾਰ ਨੇ ਪੰਜਾਬ ਦੇ ਦੋਆਬਾ ਖੇਤਰ ਨੂੰ ਇੱਕ ਵੱਡੀ ਸੌਗਾਤ ਦਿੰਦੇ ਹੋਏ ਜਲੰਧਰ ਸਥਿਤ ਆਦਮਪੁਰ ਹਵਾਈ ਅੱਡੇ ਦਾ ਨਾਂਅ ਅਧਿਕਾਰਤ ਤੌਰ 'ਤੇ ਬਦਲ ਕੇ 'ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਹਵਾਈ ਅੱਡਾ' ਕਰ ਦਿੱਤਾ ਹੈ। ਇਸ ਸੰਬੰਧੀ 12 ਜੂਨ ਨੂੰ ਕੇਂਦਰ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ, ਜਿਸ ਦੇ ਨਾਲ ਹੀ ਨਾਂਅ ਬਦਲਣ ਦੀ ਪ੍ਰਕਿਰਿਆ ਪੂਰੀ ਹੋ ਗਈ ਹੈ। ਇਸ ਇਤਿਹਾਸਕ ਨਾਮਕਰਨ ਦਾ ਡਿਜੀਟਲ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਹਾਨ ਸਮਾਜ ਸੁਧਾਰਕ ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼ ਪੁਰਬ ਦੇ ਪਾਵਨ ਅਵਸਰ 'ਤੇ ਕੀਤਾ। ਇਸ ਦੌਰਾਨ ਉਨ੍ਹਾਂ ਨੇ ਨਵੀਂ ਨਾਮ-ਪੱਟੀ ਦਾ ਪਰਦਾ ਹਟਾ ਕੇ ਗੁਰੂ ਰਵਿਦਾਸ ਜੀ ਦੇ ਸਮਾਜਿਕ ਯੋਗਦਾਨ ਨੂੰ ਨਮਨ ਕੀਤਾ।

## ਹੁਣ ਡਾਕਟਰੀ ਪਰਚੀ ਤੋਂ ਬਿਨਾਂ ਨਹੀਂ ਮਿਲੇਗੀ ਕਫ਼ ਸਿਰਪ

**ਨਵੀਂ ਦਿੱਲੀ** : ਦੇਸ਼ ਵਿੱਚ ਖ਼ੰਘ ਦੀਆਂ ਦਵਾਈਆਂ (ਕਫ਼ ਸਿਰਪ) ਦੀ ਖੁੱਲ੍ਹੇਆਮ ਵਿਕਰੀ 'ਤੇ ਨਕੇਲ ਕੱਸਣ ਲਈ ਕੇਂਦਰ ਸਰਕਾਰ ਨੇ ਸੋਮਵਾਰ ਨੂੰ ਇੱਕ ਬੇਹੱਦ ਅਹਿਮ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਨਵੇਂ ਨਿਯਮਾਂ ਮੁਤਾਬਕ ਹੁਣ ਕੋਈ ਵੀ ਮੈਡੀਕਲ ਸਟੋਰ ਵਾਲਾ ਖ਼ੰਘ ਦੀ ਸਿਰਪ ਬਿਨਾਂ ਡਾਕਟਰ ਦੀ ਪਰਚੀ ਦੇ ਨਹੀਂ ਵੇਚ ਸਕੇਗਾ। ਸਰਕਾਰ ਦਾ ਇਹ ਕਦਮ ਵਿਸ਼ਵ ਸਿਹਤ ਸੰਗਠਨ ਵੱਲੋਂ ਹਾਲ ਹੀ ਵਿੱਚ ਜਾਰੀ ਕੀਤੀਆਂ ਗਈਆਂ ਗਲੋਬਲ ਚਿਤਾਵਨੀਆਂ ਤੋਂ ਬਾਅਦ ਸਾਹਮਣੇ ਆਇਆ ਹੈ, ਜਿਨ੍ਹਾਂ ਵਿੱਚ ਤਾਮਿਲਨਾਡੂ ਦੀ 'ਸ੍ਰੇਸਨ ਫਾਰਮਾਸਿਊਟੀਕਲਜ਼' ਵੱਲੋਂ ਬਣਾਈ 'ਕੋਲਡਰਿਫ' ਸਿਰਪ ਕਾਰਨ 20 ਤੋਂ ਵੱਧ ਬੱਚਿਆਂ ਦੀ ਮੌਤ ਹੋਣ ਦਾ ਮਾਮਲਾ ਉੱਠਿਆ ਸੀ। ਕੇਂਦਰ ਸਰਕਾਰ ਨੇ ਡਰੱਗਜ਼ ਨਿਯਮ 1945 ਵਿੱਚ ਬਦਲਾਅ ਕਰਦਿਆਂ 'ਡਰੱਗਜ਼ (ਪੰਜਵੀਂ ਸੋਧ) ਨਿਯਮ, 2026' ਨੂੰ ਨੋਟੀਫਾਈ ਕਰ ਦਿੱਤਾ ਹੈ।

## ਅਭਜੀਤ ਕਿੰਗਰਾ ਕੈਨੇਡਾ ਤੋਂ ਹੋਵੇਗਾ ਡਿਪੋਰਟ

**ਵਿਨੀਪੈੱਗ** : ਕੈਨੇਡਾ ਦੇ ਇਮੀਗ੍ਰੇਸ਼ਨ ਐਂਡ ਰਫ਼ਿਊਜੀ ਬੋਰਡ (ਆਈ ਆਰ ਬੀ) ਨੇ ਬਿਸ਼ਨੋਈ ਗੈਂਗ ਨਾਲ ਸਬੰਧਿਤ ਇੱਕ ਭਾਰਤੀ ਨਾਗਰਿਕ ਨੂੰ ਅਪਰਾਧਿਕ ਸੰਗਠਨ ਦਾ ਮੈਂਬਰ ਕਰਾਰ ਦਿੰਦਿਆਂ ਉਸ ਖਿਲਾਫ਼ ਦੇਸ਼ ਨਿਕਾਲੇ ਦੇ ਹੁਕਮ ਜਾਰੀ ਕੀਤੇ ਹਨ। ਅਭਜੀਤ ਕਿੰਗਰਾ ਨਾਮਕ ਇਹ ਵਿਅਕਤੀ ਵਿਦਿਆਰਥੀ ਵੀਜ਼ੇ 'ਤੇ ਕੈਨੇਡਾ ਆਇਆ ਸੀ। ਆਈ ਆਰ ਬੀ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਕਿੰਗਰਾ ਨੇ ਬਿਸ਼ਨੋਈ ਗੈਂਗ ਦੇ ਕਹਿਣ 'ਤੇ ਬ੍ਰਿਟਿਸ਼ ਕੋਲੰਬੀਆ ਦੇ ਕੋਲਵੁੱਡ ਸ਼ਹਿਰ ਵਿੱਚ ਇੱਕ ਘਰ ਉੱਤੇ 14 ਗੋਲੀਆਂ ਚਲਾਈਆਂ ਸਨ, ਜਦ ਕਿ ਉਸ ਦੇ ਇੱਕ ਸਾਥੀ ਨੇ ਘਰ ਮਾਲਕਾਂ ਦੀਆਂ ਗੱਡੀਆਂ ਨੂੰ ਅੱਗ ਲਗਾ ਦਿੱਤੀ ਸੀ।

## 2 ਨੌਜਵਾਨ ਏ ਕੇ-47 ਤੇ ਨਸ਼ੀਲੇ ਪਦਾਰਥਾਂ ਸਮੇਤ ਕਾਬੂ

**ਜੰਡਿਆਲਾ ਗੁਰੂ** : ਇਥੋਂ ਨਜ਼ਦੀਕੀ ਪਿੰਡ ਮਾਨਾਂਵਾਲਾ ਜੀ ਟੀ ਰੋਡ ਉੱਪਰ ਸਥਿਤ ਪਾਸ਼ ਇਲਾਕੇ ਡਰੀਮ ਸਿਟੀ ਦੇ ਇੱਕ ਫਲੈਟ ਵਿੱਚੋਂ ਛਾਪੇਮਾਰੀ ਦੌਰਾਨ ਇੱਕ ਏ ਕੇ-47 ਰਾਈਫਲ, ਇੱਕ ਪਿਸਤੌਲ ਤੇ ਕਰੀਬ 500 ਗ੍ਰਾਮ ਨਸ਼ੀਲਾ ਪਦਾਰਥ ਬਰਾਮਦ ਹੋਇਆ ਹੈ। ਇਸ ਸਬੰਧੀ ਪੁਲੀਸ ਵੱਲੋਂ ਦੋ ਨੌਜਵਾਨਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਇਹ ਆਪਰੇਸ਼ਨ ਜੰਮੂ ਕਸ਼ਮੀਰ ਤੇ ਅੰਮ੍ਰਿਤਸਰ ਦਿਹਾਤੀ ਦੀ ਪੁਲਿਸ ਵੱਲੋਂ ਸਾਂਝੇ ਤੌਰ 'ਤੇ ਚਲਾਇਆ ਗਿਆ। ਡੀ ਐੱਸ ਪੀ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਨੌਜਵਾਨਾਂ ਦੀ ਪਛਾਣ ਸੂਰਜਦੀਪ ਸਿੰਘ ਵਾਸੀ ਜੰਡਿਆਲਾ ਗੁਰੂ ਮੁਹੱਲਾ ਸ਼ੇਖਪੁਰਾ ਤੇ ਹਰਪ੍ਰੀਤ ਸਿੰਘ ਵਾਸੀ ਪਿੰਡ ਦੇਵੀਦਾਸਪੁਰਾ ਵਜੋਂ ਹੋਈ ਹੈ। ਪੁਲੀਸ ਵੱਲੋਂ ਫਲੈਟ ਦੇ ਮਾਲਕ ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ।

## ਮਹਿਲਾ ਮੁਲਾਜ਼ਮਾਂ ਦੀ ਘਰ ਦੇ ਨੇੜੇ ਹੀ ਹੋਵੇਗੀ ਤਾਇਨਾਤੀ : ਮਾਨ




**ਮੁਹਾਲੀ (ਗੁਰਜੀਤ ਬਿੱਲਾ)**
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਹੈ ਕਿ ਪੰਜਾਬ ਵਿੱਚ ਸੀ ਅਤੇ ਡੀ ਸ਼੍ਰੇਣੀ ਦੀਆਂ ਅਸਾਮੀਆਂ ਉੱਤੇ ਨਿਯੁਕਤ ਮਹਿਲਾ ਕਰਮਚਾਰੀਆਂ ਨੂੰ ਉਨ੍ਹਾਂ ਦੇ ਘਰਾਂ ਤੋਂ 40 ਕਿਲੋਮੀਟਰ ਦੇ ਘੇਰੇ ਤੋਂ ਬਾਹਰ ਤਾਇਨਾਤ ਨਹੀਂ ਕੀਤਾ ਜਾਵੇਗਾ।

ਉਨ੍ਹਾ ਕਿਹਾ ਕਿ ਇਨ੍ਹਾਂ ਸ਼੍ਰੇਣੀਆਂ ਦਾ ਹਰ ਕਰਮਚਾਰੀ ਛੁੱਟੀ ਹੋਣ ਤੋਂ ਇੱਕ ਘੰਟੇ ਬਾਅਦ ਆਪਣੇ ਪਰਵਾਰ ਵਿੱਚ ਸ਼ਾਮਲ ਹੋਵੇ, ਅਜਿਹਾ ਯਕੀਨੀ ਬਣਾਇਆ ਜਾਵੇਗਾ। ਉਨ੍ਹਾ ਕਿਹਾ ਕਿ ਇਸ ਸੰਬੰਧੀ ਯੋਜਨਾ ਪੰਜਾਬ ਸਰਕਾਰ ਵੱਲੋਂ ਅਗਲੇ ਕੁਝ ਦਿਨਾਂ ਵਿੱਚ ਐਲਾਨ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਸ਼੍ਰੇਣੀਆਂ ਵਿੱਚ ਅਧਿਆਪਕ, ਸਿਹਤ ਕਰਮਚਾਰੀ, ਪੁਲਸ ਵਿਭਾਗ ਦੇ ਕਰਮਚਾਰੀ ਅਤੇ ਸੀ ਅਤੇ ਡੀ ਗਰੇਡ ਦੇ ਵੱਖ-ਵੱਖ ਵਿਭਾਗਾਂ ਦੇ ਹੋਰ ਕਰਮਚਾਰੀ ਸ਼ਾਮਲ ਹੋਣਗੇ। ਮੁੱਖ ਮੰਤਰੀ ਨੇ ਕਿਹਾ ਕਿ • ਬਾਕੀ ਸਫਾ 2 'ਤੇ

## ਰੀਲ੍ਹ ਬਣਾਉਣ ਲਈ ਫਲਾਈਓਵਰ ਤੋਂ ਪੈਸੇ ਸੁੱਟੇ



**ਕਰਨਾਲ** : ਪਾਣੀਪਤ ਦੇ ਸਭ ਤੋਂ ਵਿਅਸਤ ਫਲਾਈਓਵਰ 'ਤੇ ਇੱਕ ਸੋਸ਼ਲ ਮੀਡੀਆ ਸਟੰਟ ਉਸ ਸਮੇਂ ਹਫੜਾ-ਦਫੜੀ ਵਿੱਚ ਬਦਲ ਗਿਆ ਜਦੋਂ ਇੱਕ ਵਿਅਕਤੀ ਨੇ ਵਾਇਰਲ ਰੀਲ ਬਣਾਉਣ ਲਈ ਨੈਸ਼ਨਲ ਹਾਈਵੇ-44 ਦੇ ਉੱਪਰੋਂ ਕਰੰਸੀ ਨੋਟ ਸੁੱਟ ਦਿੱਤੇ। ਇਸ ਘਟਨਾ ਕਾਰਨ ਆਵਾਜਾਈ ਵਿੱਚ ਵਿਘਨ ਪਿਆ ਅਤੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਪੁਲੀਸ ਨੂੰ ਕਾਰਵਾਈ ਕਰਨੀ ਪਈ। ਸਿਟੀ ਪੁਲੀਸ ਪਾਣੀਪਤ ਅਨੁਸਾਰ ਇਹ ਘਟਨਾ ਪਾਣੀਪਤ ਵਿੱਚ ਦਿੱਲੀ-ਅੰਬਾਲਾ ਐੱਨ ਐੱਚ-44 ਉੱਤੇ ਸਥਿਤ ਇੱਕ ਫਲਾਈਓਵਰ 'ਤੇ ਵਾਪਰੀ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇੱਕ ਵੀਡੀਓ ਵਿੱਚ ਇੱਕ ਵਿਅਕਤੀ ਨੂੰ ਫਲਾਈਓਵਰ ਦੀ ਰੇਲਿੰਗ ਨੇੜੇ ਖੜ੍ਹੇ ਹੋ ਕੇ ਹੇਠਾਂ ਸੜਕ 'ਤੇ ਜ਼ਿਆਦਾਤਰ 10-10 ਰੁਪਏ ਦੇ ਨੋਟ ਸੁੱਟਦੇ ਹੋਏ ਦਿਖਾਇਆ ਗਿਆ ਹੈ। ਇਸ ਦੌਰਾਨ ਫਲਾਈਓਵਰ 'ਤੇ ਉਸ ਦੇ ਨਾਲ 10 ਤੋਂ 12 ਸਾਲ ਦੇ ਕੁਝ ਬੱਚੇ • ਬਾਕੀ ਸਫਾ 2 'ਤੇ

## ਲਿਵ-ਇਨ ਰਿਸ਼ਤਿਆਂ ਬਾਰੇ ਹਾਈ ਕੋਰਟ ਦੀਆਂ ਟਿੱਪਣੀਆਂ ਵਿਰੋਧਾਭਾਸੀ : ਮਿੱਤਰਾ

**ਲੁਧਿਆਣਾ (ਐੱਮ ਐੱਸ ਭਾਟੀਆ)**
ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਇੱਕ ਲਿਵ-ਇਨ ਜੋੜੇ ਨੂੰ ਸੁਰੱਖਿਆ ਦੇਣ ਤੋਂ ਇਨਕਾਰ ਕਰਨ ਨਾਲ ਮਹੱਤਵਪੂਰਨ ਕਾਨੂੰਨੀ ਤੇ ਸਮਾਜਿਕ ਸਵਾਲ ਖੜ੍ਹੇ ਹੁੰਦੇ ਹਨ।ਸੰਬੰਧਤ ਮਾਮਲੇ ਵਿੱਚ ਔਰਤ ਨੇ ਕਿਹਾ ਕਿ ਉਸ ਉੱਤੇ ਆਪਣੇ ਸਾਥੀ ਨੂੰ ਛੱਡਣ ਲਈ ਦਬਾਅ ਪਾਇਆ ਜਾ ਰਿਹਾ ਹੈ। ਜੋੜੇ ਨੇ ਇਹ ਵੀ ਕਿਹਾ ਹੈ ਕਿ ਉਹ ਜਲਦੀ ਹੀ ਵਿਆਹ ਕਰ ਲੈਣਗੇ।ਫਿਰ ਵੀ ਅਦਾਲਤ ਨੇ ਕਿਹਾ ਕਿ ਅਜਿਹੇ ਜੋੜੇ ਆਪਣੇ ਪਰਵਾਰਾਂ ਦੀ ਬਦਨਾਮੀ ਦਾ ਕਾਰਨ ਬਣਦੇ ਹਨ।ਅਦਾਲਤ ਦਾ ਇਹ ਮਤ ਕਿ ਲਿਵ-ਇਨ ਰਿਸ਼ਤੇ ਪੱਛਮੀ ਧਾਰਨਾ ਹਨ ਅਤੇ ਭਾਰਤੀ ਸੱਭਿਆਚਾਰ ਲਈ ਪਰਾਏ ਹਨ, ਇਤਿਹਾਸਕ ਤੌਰ 'ਤੇ ਸਵਾਲਾਂ ਦੇ ਘੇਰੇ ਵਿੱਚ ਹੈ। ਪ੍ਰਾਚੀਨ ਭਾਰਤੀ ਪਰੰਪਰਾਵਾਂ ਵਿੱਚ ਆਪਸੀ ਸਹਿਮਤੀ 'ਤੇ ਆਧਾਰਤ ਸੰਬੰਧਾਂ ਨੂੰ ਮਾਨਤਾ ਦਿੱਤੀ ਜਾਂਦੀ ਸੀ, ਜਿਵੇਂ ਕਿ ਗੰਧਰਵ ਵਿਆਹ। ਇਸ ਤੋਂ ਇਲਾਵਾ ਪ੍ਰਾਚੀਨ ਭਾਰਤੀ ਸਮਾਜ ਵਿੱਚ ਬਹੁ-ਵਿਆਹ ਅਤੇ ਬਹੁ-ਪਤੀ ਪ੍ਰਥਾ ਵੀ ਸਵੀਕਾਰਯੋਗ ਸਨ।

ਸੋਸ਼ਲ ਥਿੰਕਰਜ਼ ਫੋਰਮ ਲੁਧਿਆਣਾ ਦੇ ਕਨਵੀਨਰ ਡਾ. ਅਰੁਣ ਮਿਤਰਾ ਨੇ ਜਾਰੀ ਬਿਆਨ ਵਿੱਚ ਕਿਹਾ ਕਿ ਸਮਾਜਿਕ ਰਿਵਾਜ ਅਤੇ ਸੱਭਿਆਚਾਰਕ ਮਾਪਦੰਡ ਇਤਿਹਾਸ ਦੌਰਾਨ ਲਗਾਤਾਰ ਬਦਲਦੇ ਰਹੇ ਹਨ ਅਤੇ ਕੋਈ ਵੀ ਸਮਾਜ ਸਥਿਰ ਨਹੀਂ ਰਹਿੰਦਾ।ਇਸ ਤੋਂ ਵੀ ਵੱਧ ਮਹੱਤਵਪੂਰਨ ਗੱਲ ਇਹ ਹੈ ਕਿ ਬਹੁਤ ਸਾਰੇ ਜੋੜੇ ਕਾਨੂੰਨੀ ਸੁਰੱਖਿਆ ਇਸ ਲਈ ਮੰਗਦੇ ਹਨ, ਕਿਉਂਕਿ ਉਹਨਾਂ ਨੂੰ ਅੰਤਰ-ਜਾਤੀ, ਅੰਤਰ-ਧਾਰਮਿਕ ਜਾਂ ਆਪਣੀ ਪਸੰਦ ਦੇ ਵਿਆਹਾਂ ਦਾ • ਬਾਕੀ ਸਫਾ 2 'ਤੇ

# ਅਮਰੀਕੀ ਸੈਲਾਨਣ ਦਾ ਦਿਲ ਜਿੱਤਿਆ



**ਤਿਰੂਵਨੰਤਾਪੁਰਮ** : ਕੇਰਲ ਦੀ ਇੱਕ ਦਿਲ ਨੂੰ ਛੂਹ ਲੈਣ ਵਾਲੀ ਕਹਾਣੀ ਵਾਇਰਲ ਹੋ ਗਈ ਹੈ, ਜਿਸ ਨੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ, ਜਦੋਂ ਇੱਕ ਅਮਰੀਕੀ ਸੈਲਾਨੀ ਨੇ ਤਿਰੂਵਨੰਤਾਪੁਰਮ ਦੀ ਯਾਤਰਾ ਦੌਰਾਨ ਆਪਣਾ ਡੈਬਿਟ ਕਾਰਡ ਗੁਆ ਦਿੱਤਾ ਸੀ। ਉਸ ਨੇ ਸਾਂਝਾ ਕੀਤਾ ਕਿ ਕਿਵੇਂ ਇੱਕ ਸਥਾਨਕ ਆਦਮੀ ਇਸ ਨੂੰ ਵਾਪਸ ਕਰਨ ਲਈ ਕਈ ਘੰਟੇ ਸਫਰ ਕਰਕੇ ਉਸ ਤੱਕ ਪੁੱਜਾ। ਸੋਸ਼ਲ ਮੀਡੀਆ 'ਤੇ ਇੰਡੀਆ ਵਿਟਕਿਨ ਨਾਮੀ ਸੈਲਾਨੀ ਨੂੰ ਯਾਦ ਆਇਆ ਕਿ ਉਹ ਕੇਰਲ ਦੇ ਇੱਕ ਛੋਟੇ ਜਿਹੇ ਬੀਚ ਕਸਬੇ ਵਿੱਚ ਇੱਕ ਏ ਟੀ ਐੱਮ ਮਸ਼ੀਨ ਦੇ ਅੰਦਰ ਆਪਣਾ ਡੈਬਿਟ ਕਾਰਡ ਭੁੱਲ ਆਈ ਸੀ। ਉਸ ਨੇ ਕਿਹਾ ਕਿ ਜਦੋਂ ਤੱਕ ਉਹ ਰਾਜਧਾਨੀ ਤਿਰੂਵਨੰਤਾਪੁਰਮ ਨਹੀਂ ਪਹੁੰਚੀ, ਉਸ ਨੂੰ ਕਾਰਡ ਗੁੰਮ ਹੋਣ ਦਾ ਅਹਿਸਾਸ ਨਹੀਂ ਹੋਇਆ। ਉਸ ਦੀ ਪੋਸਟ ਦੇ ਅਨੁਸਾਰ ਉਹ ਪਹਿਲਾਂ ਇੱਕ ਡੀ ਐੱਚ ਐੱਲ ਦਫਤਰ ਗਈ ਸੀ, ਜਿੱਥੇ ਉਸ ਨੇ ਇੱਕ ਕਰਮਚਾਰੀ ਨਾਲ ਆਪਣਾ ਫੋਨ ਸਾਂਝਾ ਸੀ। ਇਹ ਅਹਿਸਾਸ ਹੋਣ ਤੋਂ ਬਾਅਦ ਕਿ ਉਸ ਦਾ ਡੈਬਿਟ ਕਾਰਡ ਗੁਆਚ ਗਿਆ ਹੈ, ਉਸ ਨੇ ਉਸ ਵਿਅਕਤੀ ਨਾਲ ਸੰਪਰਕ ਕੀਤਾ ਅਤੇ ਪੁੱਛਿਆ ਕਿ ਕੀ ਉਹ ਜਾਂਚ ਕਰ ਸਕਦਾ ਹੈ ਕਿ ਕੀ ਕਾਰਡ ਅਜੇ ਵੀ ਏ ਟੀ ਐੱਮ ਵਿੱਚ ਹੈ।

ਖੋਜ ਸਫਲ ਹੋਣ ਦੀ ਸੰਭਾਵਨਾ ਨਹੀਂ ਜਾਪਦੀ ਸੀ। ਹਾਲਾਂ ਕਿ ਲਗਭਗ 24 ਘੰਟਿਆਂ ਬਾਅਦ ਕਰਮਚਾਰੀ ਨੇ ਉਸ ਨੂੰ ਦੱਸਿਆ ਕਿ ਕਾਰਡ ਏ ਟੀ ਐੱਮ ਮਸ਼ੀਨ ਦੇ ਉਪਰ ਪਿਆ ਮਿਲਿਆ ਹੈ। ਫਿਰ ਚੁਣੌਤੀ ਕਾਰਡ ਵਾਪਸ ਪ੍ਰਾਪਤ ਕਰਨਾ ਬਣ ਗਈ, ਕਿਉਂਕਿ ਸੈਲਾਨੀ ਨੇ 36 ਘੰਟਿਆਂ ਵਿੱਚ ਭਾਰਤ ਛੱਡਣਾ ਸੀ। ਉਸ ਸ਼ਾਮ ਨੂੰ ਬਾਅਦ ਵਿੱਚ ਡੀ ਐੱਚ ਐੱਲ ਕਰਮਚਾਰੀ ਨੇ ਉਸ ਨੂੰ ਫ਼ੋਨ ਕੀਤਾ। ਸੈਲਾਨੀ ਦੇ ਅਨੁਸਾਰ ਮੇਰੇ ਤੱਕ ਪਹੁੰਚਣ ਲਈ ਕਰਮਚਾਰੀ ਨੂੰ ਕੁੱਲ 14 ਘੰਟੇ ਲੱਗੇ। ਉਸ ਨੇ ਬਦਲੇ ਵਿੱਚ ਉਸ ਨੂੰ ਪੈਸੇ ਦੀ ਪੇਸ਼ਕਸ਼ ਕੀਤੀ, ਪਰ ਉਸ ਨੇ ਇਨਕਾਰ ਕਰ ਦਿੱਤਾ। ਇਸ ਦੀ ਬਜਾਏ ਉਸ ਨੇ ਸੈਲਾਨੀ ਅਤੇ ਉਸ ਦੇ ਪਰਵਾਰ ਨੂੰ ਦੁਬਾਰਾ ਕੇਰਲਾ ਆਉਣ 'ਤੇ ਉਸ ਨੂੰ ਮਿਲਣ ਲਈ ਸੱਦਾ ਦਿੱਤਾ। ਸੈਲਾਨੀ ਨੇ ਦੱਸਿਆ ਕਿ ਕਰਮਚਾਰੀ ਦਾ ਨਾਂਅ ਕ੍ਰਿਸ਼ਨਾ ਸੀ ਅਤੇ ਉਸ ਨੇ ਲਿਖਿਆ, 'ਕ੍ਰਿਸ਼ਨ, ਪਿਆਰ, ਦਇਆ ਅਤੇ ਸੁਰੱਖਿਆ ਦੇ ਹਿੰਦੂ ਦੇਵਤਾ। ਮੈਨੂੰ ਦੱਸੋ ਕਿ ਕਰਮ ਮੌਜੂਦ ਨਹੀਂ ਹਨ। ਉਮੀਦ ਹੈ ਕਿ ਇਹ ਕਹਾਣੀ ਮਨੁੱਖਤਾ ਵਿੱਚ ਤੁਹਾਡਾ ਵਿਸ਼ਵਾਸ ਬਹਾਲ ਕਰੇਗੀ।'

## ਪੁਲਸ ਇੰਸਪੈਕਟਰ ਦੀ ਹਾਦਸੇ 'ਚ ਮੌਤ



**ਮਾਨਸਾ (ਆਤਮਾ ਸਿੰਘ ਪਮਾਰ)**
ਮਾਨਸਾ-ਬਠਿੰਡਾ ਮੁੱਖ ਮਾਰਗ ਉੱਪਰ ਸਥਿਤ ਪਿੰਡ ਮਾਈਸਰਖਾਨਾ ਲਾਗੇ ਸੋਮਵਾਰ ਰਾਤ ਕਾਰ ਤੂੜੀ ਵਾਲੀ ਟਰਾਲੀ ਨਾਲ ਟਕਰਾਉਣ ਤੋਂ ਬਾਅਦ ਦਰੱਖਤ ਵਿੱਚ ਜਾ ਵੱਜਣ ਕਾਰਨ ਵੋਮੈਨ ਸੈੱਲ ਮਾਨਸਾ ਦੀ ਇੰਚਾਰਜ ਇੰਸਪੈਕਟਰ ਬੇਅੰਤ ਕੌਰ ਦੀ ਮੌਤ ਹੋ ਗਈ। ਉਹ ਡਿਊਟੀ ਨਿਭਾਅ ਕੇ ਆਪਣੇ ਪਿੰਡ ਮਾਈਸਰਖਾਨਾ ਪਰਤ ਰਹੀ ਸੀ। ਉਸ ਦੇ ਪਰਵਾਰ ਵਿੱਚ ਇੱਕ ਪੁੱਤਰ, ਇੱਕ ਧੀ ਅਤੇ ਖੇਤੀਬਾੜੀ ਕਰਦੇ ਪਤੀ ਹਨ।

### ਨਾਂਅ ਦਾ ਭੁਲੇਖਾ

**ਤਲਵੰਡੀ ਸਾਬੋ (ਜਗਦੀਪ ਗਿੱਲ)**
ਹਾਦਸੇ ਕਾਰਨ ਮਾਈਸਰਖਾਨਾ ਦੇ ਨਾਲ-ਨਾਲ ਤਲਵੰਡੀ ਸਾਬੋ ਇਲਾਕੇ ਵਿੱਚ ਵੀ ਸੋਗ ਦੀ ਲਹਿਰ ਫੈਲ ਗਈ।ਮਾਨਸਾ ਪੁਲਸ ਵਿੱਚ ਬੇਅੰਤ ਕੌਰ ਨਾਂਅ ਦੀਆਂ ਦੋ ਬੀਬੀਆਂ ਸਰਵਿਸ ਕਰ ਰਹੀਆਂ ਸਨ। ਲੋਕ ਤਲਵੰਡੀ ਸਾਬੋ ਵਾਲੀ ਦੂਜੀ ਬੇਅੰਤ ਕੌਰ ਨੂੰ ਵੀ ਫੋਨ ਕਰਨ ਲੱਗ ਪਏ।ਉਸ ਨੂੰ ਜਿੱਥੇ ਸਾਥਣ ਬੇਅੰਤ ਕੌਰ ਦੇ ਕੁਵੇਲੇ ਤੁਰ ਜਾਣ ਦਾ ਗਮ ਵੱਢ-ਵੱਢ ਖਾ ਰਿਹਾ ਸੀ, ਉੱਥੇ ਖੁਦ ਦੇ ਫੋਨ ਉਪਰ ਮੁੜ-ਮੁੜ ਘੰਟੀਆਂ ਵੱਜਣ ਨੇ ਉਸ ਨੂੰ ਦੁਖੀ ਕਰ ਦਿੱਤਾ। ਆਖਰ ਉਸ ਨੂੰ ਇੱਕ ਵੀਡੀਓ ਜਾਰੀ ਕਰਕੇ ਦੱਸਣਾ ਪਿਆ ਕਿ ਉਹ ਜ਼ਿੰਦਾ ਹੈ।

## ਕੈਨੇਡਾ 'ਚ ਹਜ਼ਾਰਾਂ ਨਾਗਰਿਕਤਾ ਸਰਟੀਫਿਕੇਟ ਮੁਅੱਤਲ

**ਵਿੰਨੀਪੈੱਗ** : ਕੈਨੇਡਾ ਸਰਕਾਰ ਨੇ 'ਲਾਸਟ ਕੈਨੇਡੀਅਨ' ਕਾਨੂੰਨ ਤਹਿਤ ਜਾਰੀ ਕੀਤੇ ਗਏ ਕਈ ਨਾਗਰਿਕਤਾ ਸਰਟੀਫਿਕੇਟਾਂ ਨੂੰ ਅਚਾਨਕ ਮੁਅੱਤਲ ਕਰ ਦਿੱਤਾ ਹੈ, ਜਿਸ ਕਾਰਨ ਹਜ਼ਾਰਾਂ ਪ੍ਰਭਾਵਿਤ ਵਿਅਕਤੀਆਂ ਵਿੱਚ ਅਨਿਸ਼ਚਿਤਤਾ ਅਤੇ ਚਿੰਤਾ ਦਾ ਮਾਹੌਲ ਬਣ ਗਿਆ ਹੈ। ਕੈਨੇਡੀਅਨ ਪੂਰਵਜ ਹੋਣ ਦੇ ਅਧਾਰ 'ਤੇ ਨਾਗਰਿਕਤਾ ਸਰਟੀਫਿਕੇਟ ਲਈ ਸਫਲਤਾਪੂਰਵਕ ਅਰਜ਼ੀ ਦੇਣ ਅਤੇ ਪ੍ਰਾਪਤ ਕਰਨ ਵਾਲੇ ਲੋਕਾਂ ਨੂੰ ਸ਼ਨੀਵਾਰ ਨੂੰ ਈ-ਮੇਲ ਕੀਤੇ ਗਏ ਇੱਕ ਨੋਟਿਸ ਵਿੱਚ ਇਮੀਗ੍ਰੇਸ਼ਨ, ਰਫ਼ਿਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ ਨੇ ਉਨ੍ਹਾਂ ਨੂੰ ਆਪਣੀਆਂ ਫਾਈਲਾਂ ਦੀ ਸਮੀਖਿਆ ਹੋਣ ਤੱਕ ਆਪਣੇ ਸਰਟੀਫਿਕੇਟ ਵਾਪਸ ਕਰਨ ਦਾ ਆਦੇਸ਼ ਦਿੱਤਾ ਹੈ। ਪ੍ਰਭਾਵਿਤ ਲੋਕਾਂ ਨੂੰ ਭੇਜੇ ਗਏ ਈ-ਮੇਲ ਸੁਨੇਹਿਆਂ ਵਿੱਚ ਦੱਸਿਆ ਗਿਆ ਹੈ ਕਿ ਉਨ੍ਹਾਂ ਦੇ ਨਾਗਰਿਕਤਾ ਸਰਟੀਫਿਕੇਟਾਂ ਦੀ ਸਮੀਖਿਆ ਕੀਤੀ ਜਾ ਰਹੀ ਹੈ ਅਤੇ ਇਸ ਦੌਰਾਨ ਇਹ ਸਰਟੀਫਿਕੇਟ ਵਾਪਸ ਕਰਨੇ ਪੈਣਗੇ। ਕੈਨੇਡੀਅਨ ਨਾਗਰਿਕਤਾ ਰਜਿਸਟਰਾਰ ਪੈਗੀ ਸਨ ਵੱਲੋਂ ਜਾਰੀ ਨੋਟਿਸ ਮੁਤਾਬਕ ਵਿਭਾਗ ਕੋਲ ਅਜਿਹੀ ਜਾਣਕਾਰੀ ਮੌਜੂਦ ਹੈ, ਜਿਸ ਨਾਲ ਇਹ ਸ਼ੱਕ ਪੈਦਾ ਹੋਇਆ ਹੈ ਕਿ ਕੁਝ ਲੋਕ ਨਾਗਰਿਕਤਾ ਸਰਟੀਫਿਕੇਟ ਰੱਖਣ ਦੇ ਯੋਗ ਨਹੀਂ ਹੋ ਸਕਦੇ। ਨੋਟਿਸ ਵਿੱਚ ਕਿਹਾ ਗਿਆ ਹੈ ਕਿ ਕਈ ਅਰਜ਼ੀਆਂ ਨਾਲ ਜਨਮ, ਵੰਸ਼ਾਵਲੀ ਜਾਂ ਹੋਰ ਲੋੜੀਂਦੇ ਦਸਤਾਵੇਜ਼ਾਂ ਦੀਆਂ ਸਰਕਾਰੀ ਕਾਪੀਆਂ ਜਾਂ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਕੀਤੇ ਗਏ ਯਤਨਾਂ ਦੇ ਸਬੂਤ ਨਹੀਂ ਦਿੱਤੇ ਗਏ ਸਨ। ਇਸ ਕਾਰਨ ਸਰਟੀਫਿਕੇਟਾਂ ਨੂੰ ਅਸਥਾਈ ਤੌਰ 'ਤੇ ਮੁਅੱਤਲ ਕੀਤਾ ਗਿਆ ਹੈ। ਹਾਲਾਂਕਿ ਪ੍ਰਭਾਵਿਤ ਵਿਅਕਤੀਆਂ ਨੂੰ ਵਾਧੂ ਦਸਤਾਵੇਜ਼ ਪੇਸ਼ ਕਰਨ ਦਾ ਮੌਕਾ ਦਿੱਤਾ ਜਾਵੇਗਾ। ਇਮੀਗ੍ਰੇਸ਼ਨ ਕਾਨੂੰਨ ਨਾਲ ਜੁੜੇ ਵਕੀਲਾਂ ਦਾ ਕਹਿਣਾ ਹੈ ਕਿ ਇਹ ਵੱਡੇ ਪੱਧਰ 'ਤੇ ਕੀਤੀ ਗਈ ਕਾਰਵਾਈ ਜਾਪਦੀ ਹੈ, ਭਾਵੇਂ ਅਜੇ ਤੱਕ ਪ੍ਰਭਾਵਿਤ ਲੋਕਾਂ ਦੀ ਸਹੀ ਗਿਣਤੀ ਸਾਹਮਣੇ ਨਹੀਂ ਆਈ। ਅਮਰੀਕਾ ਦੇ ਮੇਨ ਸੂਬੇ ਦੇ ਬਕਸਪੋਰਟ ਸ਼ਹਿਰ ਦੀ ਵਸਨੀਕ ਵੈਲੇਰੀ ਕੈਂਪਬੈੱਲ ਨੇ ਇਸ ਫ਼ੈਸਲੇ 'ਤੇ ਹੈਰਾਨੀ ਪ੍ਰਗਟ ਕੀਤੀ ਹੈ। ਕੈਂਪਬੈੱਲ ਅਤੇ ਉਸ ਦੇ ਪੁੱਤਰ ਮੋਰਗਨ ਨੂੰ ਕਿਊਬਿਕ ਅਤੇ ਓਨਟਾਰੀਓ ਨਾਲ ਜੁੜੇ ਆਪਣੇ ਪਰਵਾਰਕ ਵੰਸ਼ ਦੇ ਆਧਾਰ 'ਤੇ ਕੈਨੇਡੀਅਨ • ਬਾਕੀ ਸਫਾ 2 'ਤੇ

## 22 ਨੂੰ ਮੋਦੀ ਸਰਕਾਰ ਖਿਲਾਫ ਮੁਕਤਸਰ 'ਚ ਸਾਂਝਾ ਪ੍ਰਦਰਸ਼ਨ ਤੇ ਮਾਰਚ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਪੰਜਾਬ ਦੀਆਂ ਚਾਰ ਖੱਬੇ ਪੱਖੀ ਪਾਰਟੀਆਂ ਦੀ ਅਗਵਾਈ ਵਿੱਚ ਪੰਜਾਬ ਪੱਧਰ 'ਤੇ ਬਣੇ ਫਾਸ਼ੀਵਾਦੀ ਵਿਰੋਧੀ ਫਰੰਟ ਵੱਲੋਂ ਮੁਕਤਸਰ ਸਾਹਿਬ ਵਿੱਚ ਤਿੰਨ ਖੱਬੇ ਪੱਖੀ ਪਾਰਟੀਆਂ, ਜਿਨਾਂ ਵਿੱਚ ਭਾਰਤੀ ਕਮਿਊਨਿਸਟ ਪਾਰਟੀ, ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਅਤੇ ਭਾਰਤੀ ਕਮਿਊਨਿਸਟ ਪਾਰਟੀ ਐੱਮ ਐੱਲ ਨਿਊ ਡੈਮੋਕਰੇਸੀ ਵੱਲੋਂ ਸਾਂਝੀ ਮੀਟਿੰਗ ਸੀ ਪੀ ਆਈ ਦਫਤਰ 'ਚ ਕਾਮਰੇਡ ਜਗਰੂਪ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਹਰਲਾਭ ਸਿੰਘ ਦੂਹੇਵਾਲਾ ਜ਼ਿਲ੍ਹਾ ਸਕੱਤਰ, ਬੋਹੜ ਸਿੰਘ ਸੁਖਨਾ, ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਹਰਜੀਤ ਸਿੰਘ ਮਦਰੱਸਾ, ਜਗਜੀਤ ਸਿੰਘ ਅਤੇ ਸੀ ਪੀ ਆਈ ਐੱਮ ਐੱਲ ਨਿਊ ਡੈਮੋਕਰੇਸੀ ਦੇ ਆਗੂ ਸ਼ਾਮਲ ਹੋਏ। ਇਸ ਸਮੇਂ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਜਸਵਿੰਦਰ ਸਿੰਘ ਝਬੇਲਵਾਲੀ, ਹਰਪ੍ਰੀਤ ਸਿੰਘ ਆਦਿ ਆਗੂ ਸ਼ਾਮਲ ਹੋਏ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਉਪਰੋਕਤ ਫਾਸ਼ੀਵਾਦੀ ਵਿਰੋਧੀ ਫਰੰਟ ਵੱਲੋਂ ਸਾਰੇ ਪੰਜਾਬ ਵਿੱਚ ਜਿੱਥੇ 22 ਜੂਨ ਨੂੰ ਕੇਂਦਰ ਦੀ ਮੋਦੀ ਸਰਕਾਰ ਖਿਲਾਫ ਪੰਜਾਬ ਭਰ ਵਿੱਚ ਪ੍ਰਦਰਸ਼ਨ ਕੀਤੇ ਜਾ ਰਹੇ ਹਨ ਅਤੇ ਸ੍ਰੀ ਮੁਕਤਸਰ ਸਾਹਿਬ ਵਿੱਚ ਵੀ ਇਹ ਤਿੰ ਨ • ਬਾਕੀ ਸਫਾ 2 'ਤੇ

### ਅੱਜ-ਨਾਮਾ

ਹੁੰਦੇ ਪਏ ਕਤਲ ਨੇ ਰੋਜ਼ ਪੰਜਾਬ ਅੰਦਰ,
ਹਰਿਆਣੇ ਵਿੱਚ ਜਾਵੇ ਇਹੀ ਹੋਈ ਬੇਲੀ।
ਹਿਮਾਚਲ ਵਿੱਚ ਵੀ ਰੋਜ਼ ਨੇ ਕਤਲ ਹੁੰਦੇ,
ਹਕੀਕਤ ਜਾਵੇ ਨਹੀਂ ਕਦੇ ਲੁਕੋਈ ਬੇਲੀ।
ਉੱਤਰ ਖੰਡ ਦੇ ਅੰਦਰ ਵੀ ਹਾਲ ਇਹੀਓ,
ਲਾਹੀ ਆ ਦਿੱਲੀ ਦੇ ਕਾਤਲਾਂ ਲੋਈ ਬੇਲੀ।
ਰਾਜਸਥਾਨ ਵਿੱਚ ਦਿੱਸੇ ਨਹੀਂ ਸਭ ਅੱਛਾ,
ਵਾਪਰੀ ਜਿਨ੍ਹਾਂ ਨਾਲ ਜਾਣਦੇ ਸੋਈ ਬੇਲੀ।
ਕੰਨਿਆ ਕੁਮਾਰੀ ਤੋਂ ਕੇਰਲਾ ਤੱਕ ਸਮਝੋ,
ਹਰ ਇੱਕ ਰਾਜ ਦਾ ਇਹੋ ਹੈ ਹਾਲ ਬੇਲੀ।
ਮਿਲੀ ਗੱਦੀ ਤਾਂ ਟੌਹਰ ਆ ਆਗੂਆਂ ਦਾ,
ਮਤਲਬ ਦਿੱਸੇ ਨਾ ਲੋਕਾਂ ਦੇ ਨਾਲ ਬੇਲੀ।

-ਤੀਸ ਮਾਰ ਖਾਂ

# ਸਰਪ੍ਰੀਤ ਸਿੰਘ ਨੇ ਰਚਿਆ ਇਤਿਹਾਸ



**ਲਾਸ ਏਂਜਲਸ** : ਭਾਰਤੀ ਮੂਲ ਦੇ ਨਿਊਜ਼ੀਲੈਂਡ ਦੇ ਮਿਡਫੀਲਡਰ ਸਰਪ੍ਰੀਤ ਸਿੰਘ ਨੇ ਈਰਾਨ ਖਿਲਾਫ ਪਹਿਲਾ ਫੀਫਾ ਵਿਸ਼ਵ ਕੱਪ ਮੈਚ ਖੇਡ ਕੇ ਇਤਿਹਾਸ ਰਚਿਆ। ਆਕਲੈਂਡ ਵਿੱਚ ਜਨਮੇ 27 ਸਾਲਾ ਸਰਪ੍ਰੀਤ ਨੇ ਨੰਬਰ 10 ਦੀ ਜਰਸੀ ਪਹਿਨ ਕੇ 90ਵੇਂ ਮਿੰਟ ਤੱਕ ਮੈਚ ਖੇਡਿਆ। ਕੋਚ ਨੇ ਪੂਰੇ ਮੁਕਾਬਲੇ ਦੌਰਾਨ ਸਰਪ੍ਰੀਤ 'ਤੇ ਭਰੋਸਾ ਬਣਾਈ ਰੱਖਿਆ ਕਿਉਂਕਿ ਈਰਾਨ ਨੇ ਦੋ ਵਾਰ ਪਿੱਛੇ ਤੋਂ ਆ ਕੇ ਡਰਾਅ ਹਾਸਲ ਕੀਤਾ। ਨਿਊਜ਼ੀਲੈਂਡ ਦੇ 4-2-3-1 ਫਾਰਮੇਸ਼ਨ ਵਿੱਚ ਕੇਂਦਰੀ ਤੌਰ 'ਤੇ ਕੰਮ ਕਰਦੇ ਹੋਏ, ਸਰਪ੍ਰੀਤ ਨੇ ਗੋਲ ਕਰਨ ਦੀਆਂ ਤਿੰਨ ਕੋਸ਼ਿਸ਼ਾਂ ਕੀਤੀਆਂ, ਜਿਸ ਵਿੱਚ 61ਵੇਂ ਮਿੰਟ ਵਿੱਚ ਉਹ ਸਟ੍ਰਾਈਕ ਵੀ ਸ਼ਾਮਲ ਹੈ, ਜਿਸ ਨੂੰ ਈਰਾਨੀ ਗੋਲਕੀਪਰ ਨੇ ਬਾਹਰ ਧੱਕ ਦਿੱਤਾ। ਸਰਪ੍ਰੀਤ ਦਾ ਇਹ ਕਾਰਨਾਮਾ ਆਸਟ੍ਰੇਲੀਆ ਦੇ ਭਾਰਤੀ ਮੂਲ ਦੇ ਇੱਕ ਹੋਰ ਖਿਡਾਰੀ ਨਿਸ਼ਾਨ ਵੇਲੁਪਿਲੇ ਦੇ ਤੁਰਕੀਏ 'ਤੇ 2-0 ਦੀ ਜਿੱਤ ਨਾਲ ਵਿਸ਼ਵ ਕੱਪ ਵਿੱਚ ਡੈਬਿਊ ਕਰਨ ਤੋਂ ਦੋ ਦਿਨ ਬਾਅਦ ਆਇਆ ਹੈ। ਵੇਲੁਪਿਲੇ ਦਾ ਜਨਮ ਮੈਲਬੌਰਨ ਵਿੱਚ ਇੱਕ ਐਂਗਲੋ-ਇੰਡੀਅਨ ਮਾਂ ਅਤੇ ਸ੍ਰੀਲੰਕਾਈ ਤਾਮਿਲ ਮੂਲ ਦੇ ਇੱਕ ਮਲੇਸ਼ੀਆਈ ਪਿਤਾ ਦੇ ਘਰ ਹੋਇਆ ਸੀ।

ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਵਿੱਚ ਚੱਲ ਰਹੇ ਫੀਫਾ ਵਿਸ਼ਵ ਕੱਪ ਤੋਂ ਪਹਿਲਾਂ, ਫਰਾਂਸ ਦੇ ਸਾਬਕਾ ਮਿਡਫੀਲਡਰ ਵਿਕਾਸ ਢੋਰਾਸੂ ਭਾਰਤੀ ਮੂਲ ਦੇ ਇਕਲੌਤੇ ਖਿਡਾਰੀ ਸਨ, ਜੋ ਵਿਸ਼ਵ ਕੱਪ ਮੈਚ ਵਿੱਚ ਸ਼ਾਮਲ ਹੋਏ ਸਨ। ਢੋਰਾਸੂ, ਜਿਸ ਦੇ ਪੁਰਖੇ ਆਂਧਰਾ ਪ੍ਰਦੇਸ਼ ਦੇ ਵਿਜਿਆਨਗਰਮ ਤੋਂ ਸਨ, ਨੇ 2006 ਵਿੱਚ ਜਰਮਨੀ ਵਿੱਚ ਹੋਏ ਵਿਸ਼ਵ ਕੱਪ ਦੌਰਾਨ ਦੋ ਗਰੁੱਪ-ਸਟੇਜ ਮੈਚ ਖੇਡੇ, ਜਿੱਥੇ ਫਰਾਂਸ ਉਪ ਜੇਤੂ ਰਿਹਾ।

ਸਰਪ੍ਰੀਤ ਨਿਊਜ਼ੀਲੈਂਡ ਲਈ ਸੀਨੀਅਰ ਡੈਬਿਊ ਕਰਨ ਤੋਂ ਥੋੜ੍ਹੀ ਦੇਰ ਬਾਅਦ ਮੁੰਬਈ ਵਿੱਚ 2018 ਇੰਟਰਕੌਂਟੀਨੈਂਟਲ ਕੱਪ ਦੌਰਾਨ ਭਾਰਤ ਵਿੱਚ ਵੀ ਖੇਡਿਆ। ਉਹ ਅੰਡਰ-23 ਡਿਵੈਲਪਮੈਂਟ ਟੀਮ ਲਈ ਖੇਡਿਆ, ਕਿਉਂਕਿ ਨਿਊਜ਼ੀਲੈਂਡ ਨੇ ਆਪਣੀ ਸੀਨੀਅਰ ਰਾਸ਼ਟਰੀ ਟੀਮ ਨਹੀਂ ਭੇਜੀ ਸੀ। ਉਸ ਨੇ ਕੀਨੀਆ ਦੇ ਖਿਲਾਫ ਗੋਲ ਕੀਤਾ ਅਤੇ ਨਿਊਜ਼ੀਲੈਂਡ ਦੀ ਭਾਰਤ 'ਤੇ 2-1 ਦੀ ਜਿੱਤ ਵਿੱਚ ਦੋਵੇਂ ਗੋਲ ਕੀਤੇ। ਭਾਰਤ ਨੇ ਖਿਤਾਬ ਜਿੱਤਿਆ, ਜਦੋਂ ਕਿ ਨਿਊਜ਼ੀਲੈਂਡ ਚਾਰ-ਟੀਮਾਂ ਦੇ ਟੂਰਨਾਮੈਂਟ ਵਿੱਚ ਤੀਜੇ ਸਥਾਨ 'ਤੇ ਰਿਹਾ। ਇੱਕ ਸਾਲ ਬਾਅਦ, ਸਰਪ੍ਰੀਤ ਜਰਮਨੀ ਦੇ ਚੋਟੀ ਦੇ ਡਵੀਜ਼ਨ ਵਿੱਚ ਖੇਡਣ ਵਾਲਾ ਭਾਰਤੀ ਮੂਲ ਦਾ ਪਹਿਲਾ ਖਿਡਾਰੀ ਬਣ ਗਿਆ, ਜਦੋਂ ਉਸ ਨੇ 2019 ਵਿੱਚ ਵੈਲਿੰਗਟਨ ਫੀਨਿਕਸ ਤੋਂ ਜੁੜਨ ਤੋਂ ਬਾਅਦ ਵਰਡਰ ਬ੍ਰੇਮੇਨ ਦੇ ਖਿਲਾਫ ਬਾਇਰਨ ਮਿਊਨਿਖ ਲਈ ਬੁੰਡੇਸਲੀਗਾ ਵਿੱਚ ਆਪਣਾ ਡੈਬਿਊ ਕੀਤਾ। ਉਹ ਸ਼ੁਰੂ ਵਿੱਚ ਬਾਇਰਨ ਮਿਊਨਿਖ ਦੀ ਰਿਜ਼ਰਵ ਟੀਮ ਲਈ ਤੀਜੇ ਡਿਵੀਜ਼ਨ ਵਿੱਚ ਖੇਡਿਆ ਅਤੇ ਫਿਰ ਉਸ ਸਮੇਂ ਦੇ ਕੋਚ ਹਾਂਸੀ ਫਲਿੱਕ ਦੀ ਅਗਵਾਈ ਹੇਠ ਪਹਿਲੀ ਟੀਮ ਵਿੱਚ ਮੌਕਾ ਪ੍ਰਾਪਤ ਕੀਤਾ। ਯੂਨੀਆਓ ਡੀ ਲੀਰੀਆ ਨਾਲ ਜਰਮਨੀ ਅਤੇ • ਬਾਕੀ ਸਫਾ 2 'ਤੇ

## ਅਮਰੀਕਾ ਦੀ ਈਰਾਨੀ ਟੀਮ ਨਾਲ ਬਦਮਾਸ਼ੀ

**ਲਾਸ ਏਂਜਲਸ** : ਈਰਾਨ ਦੀ ਵਿਸ਼ਵ ਕੱਪ ਟੀਮ ਨੂੰ ਸੋਮਵਾਰ ਰਾਤ ਨਿਊਜ਼ੀਲੈਂਡ ਨਾਲ 2-2 ਨਾਲ ਡਰਾਅ ਖੇਡਣ ਦੇ ਕੁਝ ਘੰਟਿਆਂ ਬਾਅਦ ਹੀ ਅਮਰੀਕਾ ਛੱਡਣ ਅਤੇ ਮੈਕਸੀਕੋ ਵਿੱਚ ਆਪਣੇ ਸਿਖਲਾਈ ਕੈਂਪ 'ਤੇ ਵਾਪਸ ਜਾਣ ਦਾ ਹੁਕਮ ਦਿੱਤਾ ਗਿਆ।

ਕੋਚ ਅਮੀਰ ਗ਼ਲੇਨੋਈ ਨੇ ਦੱਸਿਆ ਕਿ ਉਨ੍ਹਾ ਪਹਿਲੇ ਮੈਚ ਤੋਂ ਬਾਅਦ ਆਮ ਰਿਕਵਰੀ ਪ੍ਰਕਿਰਿਆ ਲਈ ਕੈਲੀਫੋਰਨੀਆ ਵਿੱਚ ਰਾਤ ਬਿਤਾਉਣ ਦੀ ਉਮੀਦ ਕੀਤੀ ਸੀ, ਪਰ ਮੈਚ ਤੋਂ ਬਾਅਦ ਦੱਸਿਆ ਗਿਆ ਕਿ ਸਾਰਿਆਂ ਨੂੰ ਤੁਰੰਤ 140 ਮੀਲ ਦੀ ਯਾਤਰਾ ਲਈ ਤਿਜੁਆਨਾ ਵਾਪਸ ਜਾਣ ਲਈ ਜਹਾਜ਼ 'ਤੇ ਚੜ੍ਹਨਾ ਪਵੇਗਾ।

ਈਰਾਨ ਨੇ ਫੀਫਾ ਨੂੰ ਕਿਹਾ ਸੀ ਕਿ ਉਸ ਦੇ ਮੈਚ ਅਮਰੀਕਾ ਤੋਂ ਬਾਹਰ ਕਰਵਾਏ ਜਾਣ ਪਰ ਉਹ ਨਹੀਂ ਮੰਨੀ। ਲਿਜਾਣ ਦੀ ਬੇਨਤੀ ਨੂੰ ਰੱਦ ਕਰਨ ਤੋਂ ਬਾਅਦ ਵੀ ਈਰਾਨ ਨੇ ਅੰਤ ਵਿੱਚ ਮੁਕਾਬਲਾ ਕਰਨ ਦਾ ਫੈਸਲਾ ਕੀਤਾ। ਈਰਾਨੀ ਕੋਚ ਨੇ ਕਿਹਾ, "ਮੈਨੂੰ ਲੱਗਦਾ ਹੈ ਕਿ ਸ਼ਾਇਦ ਸਾਡੀ ਟੀਮ ਪੂਰੇ ਵਿਸ਼ਵ ਕੱਪ ਵਿੱਚ ਸਭ ਤੋਂ ਵੱਧ ਸਤਾਈ ਹੋਈ ਹੈ।" ਈਰਾਨ ਦੇ ਕਪਤਾਨ ਮੇਹਦੀ ਤਾਰੇਮੀ ਨੇ ਕਿਹਾ ਕਿ ਟੀਮ ਨੇ ਐਤਵਾਰ ਤਿਜੁਆਨਾ ਤੋਂ ਲਾਸ ਏਂਜਲਸ ਤੱਕ ਪੰਜ ਘੰਟੇ ਦੀ ਯਾਤਰਾ ਦੌਰਾਨ ਸਖਤ ਸੁਰੱਖਿਆ ਜਾਂਚਾਂ ਦਾ ਸਾਹਮਣਾ ਕੀਤਾ।

ਤਾਰੇਮੀ ਅਤੇ ਕੋਚ ਨੇ ਟੀਮ ਵਿੱਚ ਬਹੁਤ ਸਾਰੇ ਮਹੱਤਵਪੂਰਨ ਸਟਾਫ ਮੈਂਬਰਾਂ ਦੀ ਘਾਟ ਦੀ ਵੀ ਗੱਲ ਕਹੀ ਕਿਉਂਕਿ ਈਰਾਨ ਫੁੱਟਬਾਲ ਫੈਡਰੇਸ਼ਨ ਦੇ ਪ੍ਰਧਾਨ, ਕੋਚਿੰਗ ਸਹਾਇਤਾ ਕਰਮਚਾਰੀ ਅਤੇ ਮੀਡੀਆ ਅਧਿਕਾਰੀ ਨੂੰ ਅਮਰੀਕਾ ਨੇ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਜਿਸ ਨਾਲ ਟੀਮ ਦੀਆਂ ਮੁਸ਼ਕਲਾਂ ਵਧੀਆਂ। ਤਾਰੇਮੀ ਨੇ ਕਿਹਾ, "ਫੀਫਾ ਨੂੰ ਸਾਡੀ ਮਦਦ ਕਰਨੀ ਚਾਹੀਦੀ ਹੈ। ... ਅਸਲ ਵਿੱਚ, ਸਾਡੇ ਲਈ ਸਭ ਕੁਝ ਇੱਕ ਆਫ਼ਤ ਵਾਂਗ ਹੈ।" ਈਰਾਨ ਆਪਣੇ ਗਰੁੱਪ ਦੇ ਬਾਕੀ ਦੋ ਮੈਚ ਐਤਵਾਰ • ਬਾਕੀ ਸਫਾ 2 'ਤੇ

# ਨਫ਼ਰਤ ਦਾ ਬੀਜ

*ਬੀਜ ਕਦੇ ਨਹੀਂ ਮਰਦਾ, ਇਹ ਸਹੀ ਸਮਾਂ ਆਉਣ 'ਤੇ ਇੱਕ ਪੌਦੇ ਵਿੱਚ ਬਦਲ ਜਾਂਦਾ ਹੈ। ਅਯੁੱਧਿਆ ਦੇ ਸ੍ਰੀ ਰਾਮ ਜਨਮ ਭੂਮੀ ਮੰਦਰ ਦੇ ਦਾਨ ਬਕਸੇ ਵਿੱਚੋਂ ਸੱਤ ਕਰੋੜ ਰੁਪਏ ਦਾ ਗਬਨ ਇਸ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਦਾ ਹੈ। ਮੰਦਰ ਦਇਆ, ਦਿਆਲਤਾ, ਪਿਆਰ ਅਤੇ ਸਦਭਾਵਨਾ ਦਾ ਕੇਂਦਰ ਹੁੰਦਾ ਹੈ; ਇਹ ਵੱਖਰੀ ਗੱਲ ਹੈ ਕਿ ਕਿੰਨੇ ਮੰਦਰ ਇਸ ਆਦਰਸ਼ 'ਤੇ ਖਰੇ ਉਤਰਦੇ ਹਨ। ਬਦਕਿਸਮਤੀ ਨਾਲ ਇਹ ਆਦਰਸ਼ ਅਯੁੱਧਿਆ ਮੰਦਰ ਦੀ ਲਹਿਰ ਵਿੱਚ, ਇੱਥੋਂ ਤੱਕ ਕਿ ਇਸ ਦੀ ਸਥਾਪਨਾ ਵਿੱਚ ਵੀ ਕਿਤੇ ਦਿਖਾਈ ਨਹੀਂ ਦਿੰਦਾ।*

*ਇਸ ਲਹਿਰ ਦੀ ਨੀਂਹ ਨਫ਼ਰਤ ਅਤੇ ਇੱਕ ਸ਼ੁੱਧ ਦਿਲ ਵਾਲੇ ਸੰਤ ਬਾਬਾ ਲਾਲ ਦਾਸ ਦੇ ਕਤਲ ਵਿੱਚ ਹੈ। ਜੇ ਤੁਸੀਂ ਆਨੰਦ ਪਟਵਰਧਨ ਦੀ ਦਸਤਾਵੇਜ਼ੀ ਫਿਲਮ 'ਇਨ ਦ ਨੇਮ ਆਫ ਰਾਮ' ਦੇਖੀ ਹੈ ਤਾਂ ਇਸ ਵਿੱਚ ਬਾਬਾ ਲਾਲ ਦਾਸ ਦਾ ਬਿਆਨ ਹੈ। 1980 ਦੇ ਦਹਾਕੇ ਦੇ ਸ਼ੁਰੂ ਵਿੱਚ ਉਸ ਨੂੰ ਲਖਨਊ ਹਾਈ ਕੋਰਟ ਨੇ ਬਾਬਰੀ ਮਸਜਿਦ ਕੰਪਲੈਕਸ ਵਿੱਚ ਰਾਮ ਲੱਲਾ ਦੀਆਂ ਮੂਰਤੀਆਂ ਦਾ ਮੁੱਖ ਪੁਜਾਰੀ ਨਿਯੁਕਤ ਕੀਤਾ ਸੀ। ਹਾਲਾਂਕਿ 16 ਨਵੰਬਰ, 1993 ਨੂੰ ਰਾਣੀਪੁਰ ਛੱਤਰ ਪਿੰਡ ਵਿੱਚ ਉਸ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਹ ਰਾਮ ਮੰਦਰ ਲਹਿਰ ਦਾ ਵੱਡਾ ਆਲੋਚਕ ਸੀ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ, ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐੱਸ ਐੱਸ) ਅਤੇ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਦਾ ਸਖਤ ਵਿਰੋਧ ਕਰਦਾ ਸੀ। ਉਸ ਨੇ ਲਾਲ ਕ੍ਰਿਸ਼ਨ ਅਡਵਾਨੀ ਦੀ ਰੱਥ ਯਾਤਰਾ ਦਾ ਵੀ ਵਿਰੋਧ ਕੀਤਾ, ਜਿਸ ਕਾਰਨ ਉਸ ਸਮੇਂ ਦੀ ਕਲਿਆਣ ਸਿੰਘ ਸਰਕਾਰ ਨੇ ਉਸ ਨੂੰ ਮੁੱਖ ਪੁਜਾਰੀ ਦੇ ਅਹੁਦੇ ਤੋਂ ਹਟਾ ਦਿੱਤਾ। ਇੱਕ ਸੰਤ ਦੇ ਕਤਲ ਅਤੇ ਇਸ ਮੰਦਰ ਦੇ ਬਾਅਦ ਹੋਏ ਵਿਨਾਸ਼ ਕਾਰਨ ਦੇਸ਼ ਭਰ ਵਿੱਚ ਏਕਤਾ ਦੇ ਟੁੱਟਣ ਦੀ ਸਥਿਤੀ ਨੂੰ ਠੀਕ ਕਰਨ ਵਿੱਚ ਸਦੀਆਂ ਲੱਗ ਜਾਣਗੀਆਂ। ਅੰਤ ਵਿੱਚ, ਹਿੰਦੂ ਇਸ ਦੀ ਕੀਮਤ ਅਦਾ ਕਰ ਰਹੇ ਹਨ ਅਤੇ ਕਰਦੇ ਰਹਿਣਗੇ। ਧਰਮ ਦੇ ਨਾਂਅ 'ਤੇ ਧਰੁਵੀਕਰਨ ਅਤੇ ਮੰਦਰਾਂ ਨੂੰ ਵਪਾਰਕ ਕੇਂਦਰਾਂ ਵਿੱਚ ਬਦਲਣਾ, ਸਿੱਧੇ ਤੌਰ 'ਤੇ ਕਿਸੇ ਹੋਰ ਭਾਈਚਾਰੇ ਦੇ ਨਹੀਂ, ਸਗੋਂ ਖ਼ੁਦ ਹਿੰਦੂਆਂ ਦੇ ਪਤਨ ਵੱਲ ਲਿਜਾ ਰਿਹਾ ਹੈ।*

*ਮੰਦਰ ਦੇ ਸਾਬਕਾ ਲੇਖਾ ਅਧਿਕਾਰੀ ਮਹੀਪਾਲ ਸਿੰਘ ਦਾ ਦਾਨ ਬਕਸੇ ਵਿੱਚੋਂ ਹਾਲ ਹੀ ਵਿੱਚ ਹੋਈ ਚੋਰੀ ਸੰਬੰਧੀ ਬਿਆਨ ਇਸ ਦਾਅਵੇ ਦੀ ਪੁਸ਼ਟੀ ਕਰਦਾ ਹੈ ਕਿ ਮੰਦਰ ਇੱਕ ਵਪਾਰਕ ਕੇਂਦਰ ਵਿੱਚ ਬਦਲ ਗਿਆ ਹੈ। ਦਾਨ ਇਕੱਠਾ ਕਰਨ ਅਤੇ ਪ੍ਰਬੰਧਨ ਪ੍ਰਕਿਰਿਆ 'ਚ ਸ਼ੁਰੂ ਤੋਂ ਹੀ ਯੋਜਨਾਬੱਧ ਢੰਗ ਨਾਲ ਗਬਨ ਕੀਤਾ ਗਿਆ। ਦੋਸ਼ਾਂ ਦੇ ਅਨੁਸਾਰ, ਇਹ ਯੋਜਨਾ ਬੈਂਕ ਕਰਮਚਾਰੀਆਂ ਅਤੇ ਟਰੱਸਟ ਨਾਲ ਜੁੜੇ ਕੁਝ ਵਿਅਕਤੀਆਂ ਵਿਚਕਾਰ ਮਿਲੀਭੁਗਤ ਨਾਲ ਚਲਾਈ ਗਈ। ਸ਼ਿਕਾਇਤਕਰਤਾ ਮਹੀਪਾਲ ਸਿੰਘ ਨੂੰ ਉਸ ਦੇ ਅਹੁਦੇ ਤੋਂ ਹਟਾਉਣਾ ਇਸ ਵੱਲ ਸੰਕੇਤ ਕਰਦਾ ਹੈ। ਮਹੀਪਾਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਬੈਂਕ ਵਿੱਚ ਜਮ੍ਹਾਂ ਨਕਦੀ ਦੇ ਬੰਡਲਾਂ ਨਾਲ ਛੇੜਛਾੜ ਕੀਤੀ ਗਈ, ਜਿੱਥੇ ਅਸਲ ਗਿਣਤੀ ਤੋਂ ਘੱਟ ਨੋਟ ਦਰਜ ਕੀਤੇ ਗਏ। ਮੰਦਰ ਦੇ ਕਰਤਾ-ਧਰਤਾ ਚੰਪਤ ਰਾਏ ਦਾ ਜੋ ਵਿਰੋਧ ਕਰਦਾ ਹੈ, ਉਸ ਨੂੰ ਹਟਾ ਦਿੱਤਾ ਜਾਂਦਾ ਹੈ। ਭਾਜਪਾ ਨੇਤਾ ਅਤੇ ਬਜਰੰਗ ਦਲ ਦੇ ਬਾਨੀ ਵਿਨੈ ਕਟਿਆਰ ਨੇ ਵੀ ਕਿਹਾ ਹੈ ਕਿ ਇਸ ਮਾਮਲੇ ਦੀ ਜਾਂਚ ਹੋਣੀ ਚਾਹੀਦੀ ਹੈ, ਕਿਉਂਕਿ ਇਹ ਕਰੋੜਾਂ ਲੋਕਾਂ ਦੇ ਵਿਸ਼ਵਾਸ ਅਤੇ ਆਸਥਾ ਨਾਲ ਜੁੜਿਆ ਮਾਮਲਾ ਹੈ।*

*ਮੰਦਰ ਦੀ ਉਸਾਰੀ ਤੋਂ ਪਹਿਲਾਂ, ਰਾਮ ਮੰਦਰ ਅੰਦੋਲਨ ਦੌਰਾਨ ਸਮੇਂ-ਸਮੇਂ 'ਤੇ ਦਾਨ ਦੇ ਗਬਨ ਦੇ ਦੋਸ਼ ਸਾਹਮਣੇ ਆਉਂਦੇ ਰਹੇ ਸਨ। ਮੰਦਰ ਦੀ ਸਥਾਪਨਾ ਦੇ ਹੱਕ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਜਦੋਂ ਪੰਜ ਹਜ਼ਾਰ ਕਰੋੜ ਰੁਪਏ ਤੋਂ ਵੱਧ ਦੇ ਦਾਨ ਪ੍ਰਾਪਤ ਹੋਏ ਤਾਂ ਬੇਨੇਮੀਆਂ ਦੀਆਂ ਰਿਪੋਰਟਾਂ ਸਾਹਮਣੇ ਆਈਆਂ, ਪਰ ਇਨ੍ਹਾਂ ਮੁੱਦਿਆਂ ਨੂੰ ਵਾਰ-ਵਾਰ ਦਬਾ ਦਿੱਤਾ ਗਿਆ, ਜਿਸ ਨਾਲ ਵਿਆਪਕ ਚਰਚਾ ਜਾਂ ਹੱਲ ਨਹੀਂ ਹੋ ਸਕਿਆ। ਆਮ ਹਿੰਦੂਆਂ ਨੂੰ ਸਮਝਣ ਦੀ ਲੋੜ ਹੈ ਕਿ ਇਹ ਲੋਕ ਆਪਣੀ ਚੋਰੀ ਛੁਪਾਉਣ ਲਈ ਕਿਸੇ ਵੀ ਹੱਦ ਤੱਕ ਜਾਣਗੇ। ਜਦੋਂ ਇੱਕ ਸੱਚੇ ਸੰਤ (ਬਾਬਾ ਲਾਲ ਦਾਸ) ਨੇ ਉਨ੍ਹਾਂ ਦੇ ਨਫ਼ਰਤ ਭਰੇ ਏਜੰਡੇ ਨੂੰ ਚੁਣੌਤੀ ਦਿੱਤੀ, ਤਾਂ ਉਸ ਨੂੰ ਗੋਲੀ ਮਾਰ ਦਿੱਤੀ ਗਈ। ਅੱਜ ਵੀ ਜਦੋਂ ਅਯੁੱਧਿਆ ਦੇ ਕੁਝ ਸੰਤ ਅਤੇ ਮਹੰਤ ਉਨ੍ਹਾਂ ਦੇ ਸਿਆਸੀ-ਵਪਾਰਕ ਏਜੰਡੇ ਦਾ ਵਿਰੋਧ ਕਰਦੇ ਹਨ ਤਾਂ ਉਨ੍ਹਾਂ ਨੂੰ ਬੁਰੀ ਤਰ੍ਹਾਂ ਬੇਇੱਜ਼ਤ ਕੀਤਾ ਜਾਂਦਾ ਹੈ। ਕੀ ਉਹ ਹਿੰਦੂ ਨਹੀਂ ਹਨ? ਸਾਰੇ ਹਿੰਦੂਆਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਬੀਜਿਆ ਗਿਆ ਬੀਜ ਇੱਕ ਦਿਨ ਫਲ ਦੇਵੇਗਾ। ਉਹ ਬੀਜ ਹੁਣ ਇੱਕ ਪੌਦਾ ਬਣ ਗਿਆ ਹੈ। ਸਿਆਸੀ ਹਿੰਦੂਤਵ ਦਾ ਇਹ ਪੌਦਾ ਦਇਆ, ਏਕਤਾ ਅਤੇ ਸਦਭਾਵਨਾ ਦਾ ਸ਼ੋਸ਼ਣ ਕਰਦਾ ਹੈ। ਇਸ ਦੀ ਨੀਂਹ ਨਫ਼ਰਤ ਹੈ ਅਤੇ ਇਸ ਦਾ ਅੰਤਮ ਟੀਚਾ ਸ਼ਕਤੀ ਹੈ। ਜੇ ਉਨ੍ਹਾਂ ਨੂੰ ਧਰਮ ਪ੍ਰਤੀ ਥੋੜ੍ਹੀ ਜਿਹੀ ਵੀ ਚਿੰਤਾ ਹੁੰਦੀ ਤਾਂ ਦਾਨ ਘੁਟਾਲੇ, ਜ਼ਮੀਨ ਘੁਟਾਲੇ ਅਤੇ ਹੁਣ ਦਾਨ ਬਕਸਿਆਂ ਤੋਂ ਇੰਨੀ ਵੱਡੀ ਰਕਮ ਦੀ ਚੋਰੀ ਵਰਗੀਆਂ ਘਟਨਾਵਾਂ ਕਦੇ ਵੀ ਸਾਹਮਣੇ ਨਾ ਆਉਂਦੀਆਂ।*

## ਦਰਦ ਦੁਰਵਰਤੋਂ ਦਾ!

*ਆਮ ਹੋਵੇ ਖਾਸ ਹੋਵੇ ਆਏ ਨੇ ਝੁਕਾਉਂਦੇ ਸੀਸ,*
*ਸ਼ਾਨ ਵੱਡੀ ਬਣੀ ਮੀਰੀ-ਪੀਰੀ ਦਾ ਜਲਾਲ ਜੀ।*
*ਪਦਵੀ ਸਰਬਉੱਚ ਆਪ ਹੀ ਬਿਠਾਉਂਦੇ ਉਹਨੂੰ,*
*ਆਖਾ ਮੰਨ ਮਾਲਕਾਂ ਦਾ ਕਰੇ ਜੋ ਨਿਹਾਲ ਜੀ।*
*ਫੂਲਾ ਸਿੰਘ ਜਥੇਦਾਰ ਵਾਲੀਆਂ ਰਵਾਇਤਾਂ ਜੋ,*
*ਰੱਬ ਕਰੇ ਕਦੋਂ ਨੇ ਉਹ ਹੋਣੀਆਂ ਬਹਾਲ ਜੀ।*
*ਬੁਰੀ ਤਰ੍ਹਾਂ ਉੱਖੜੇ ਹੋਏ ਨੇ ਪੈਰ 'ਮਾਲਕਾਂ' ਦੇ,*
*ਤਾਲੋਂ ਘੁੱਥੀ ਡੂੰਮਣੀ ਦੇ ਵਾਂਗੂੰ ਨੇ ਬੇਤਾਲ ਜੀ।*
*ਕੌਣ ਕਰਵਾ ਰਿਹਾ ਇਹ ਸਾਰਾ ਕੁਝ ਜਾਣਦੇ ਨੇ,*
*ਕਰ ਕੁਝ ਸਕਦੇ ਨਹੀਂ ਗੱਲ ਹੈ 'ਮਲਾਲ' ਦੀ।*
*ਦੇਖ-ਦੇਖ ਹੋਇਆ ਮਜਬੂਰ ਤੇ ਮਾਯੂਸ ਪੰਥ,*
*ਕੀ ਤੋਂ ਕੀ ਬਣਾ ਦਿੱਤਾ ਹੈ ਤਖਤ ਅਕਾਲ ਜੀ!*

**-ਤਰਲੋਚਨ ਸਿੰਘ ਦੁਪਾਲਪੁਰ, 001-408-905-5517**

# ਉਸ ਕੋ ਭੀ ਅਪਨੇ ਖ਼ੁਦਾ ਹੋਨੇ ਪੇ ਇਤਨਾ ਹੀ ਯਕੀਂ ਥਾ



ਗੁਰਮੀਤ ਸਿੰਘ ਪਲਾਹੀ

ਪਿਛਲੇ ਦਿਨੀਂ ਕੇਂਦਰ ਦੀ ਸੱਤਾ 'ਤੇ ਕਾਬਜ਼ ਨਰਿੰਦਰ ਮੋਦੀ ਸਰਕਾਰ ਦੇ 12 ਸਾਲ ਪੂਰੇ ਹੋਣ 'ਤੇ ਦੇਸ਼ ਭਰ ਵਿੱਚ ਮੋਦੀ ਭਗਤਾਂ, ਕਾਰਪੋਰੇਟ ਘਰਾਣਿਆਂ ਅਤੇ ਸਰਕਾਰੀ ਖੁਸ਼ਾਮਦੀਆਂ ਵੱਲੋਂ ਬੜੀ ਧੂਮ-ਧਾਮ ਨਾਲ ਜਸ਼ਨ ਮਨਾਏ ਗਏ। ਇਸ ਦੌਰਾਨ ਪ੍ਰਧਾਨ ਮੰਤਰੀ ਦੀਆਂ ਪ੍ਰਾਪਤੀਆਂ ਦੇ ਸੋਹਲੇ ਗਾਏ ਗਏ ਅਤੇ ਉਨ੍ਹਾਂ ਨੂੰ ਅਜੋਕੇ ਭਾਰਤ ਦਾ ਮਸੀਹਾ ਬਣਾ ਕੇ ਪੇਸ਼ ਕੀਤਾ ਗਿਆ। ਚਾਪਲੂਸੀ ਅਤੇ ਖੁਸ਼ਾਮਦ ਦਾ ਇਹ ਆਲਮ ਦੇਖ ਕੇ ਸਿਆਸੀ ਮਾਹਰਾਂ ਨੂੰ ਵੀ ਹੈਰਾਨੀ ਹੋਈ, ਕਿਉਂਕਿ ਅਜਿਹੀ ਪੂਜਾ ਅਤੇ ਜਸ਼ਨ ਤਾਂ ਭਾਰਤੀ ਇਤਿਹਾਸ ਵਿੱਚ ਆਪਣੇ ਲੰਮੇ ਕਾਰਜਕਾਲ ਦੌਰਾਨ ਲੋਕਤੰਤਰ ਨੂੰ ਛਿੱਕੇ ਟੰਗ ਕੇ ਐਮਰਜੈਂਸੀ (ਆਪਾਤਕਾਲ) ਲਗਾਉਣ ਵਾਲੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਵੀ ਨਹੀਂ ਕਰਵਾਏ ਸਨ।

ਸਾਲ 2014 ਵਿੱਚ ਜਦੋਂ ਨਰਿੰਦਰ ਮੋਦੀ ਪਹਿਲੀ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਬਣੇ, ਤਾਂ ਉਨ੍ਹਾ ਨੇ 'ਅੱਛੇ ਦਿਨ' ਅਤੇ ਵੱਡੇ ਬਦਲਾਅ ਦਾ ਵਾਅਦਾ ਕੀਤਾ ਸੀ। ਅੱਜ ਸਰਕਾਰ ਵੱਲੋਂ ਵਿਕਾਸ ਦੇ ਵੱਡੇ-ਵੱਡੇ ਅੰਕੜੇ ਪੇਸ਼ ਕੀਤੇ ਜਾਂਦੇ ਹਨ, ਜਿਵੇਂ ਦੇਸ਼ ਵਿੱਚ ਹਵਾਈ ਅੱਡਿਆਂ ਦੀ ਗਿਣਤੀ 74 ਤੋਂ ਵਧ ਕੇ 160 ਹੋ ਗਈ ਹੈ, ਐੱਕਸਪ੍ਰੈੱਸਵੇਅ 1000 ਕਿਲੋਮੀਟਰ ਤੋਂ ਵਧ ਕੇ 5700 ਕਿਲੋਮੀਟਰ ਤੱਕ ਫੈਲ ਗਏ ਹਨ ਅਤੇ ਮੈਟਰੋ ਰੇਲ ਨੈੱਟਵਰਕ ਜੋ ਕਦੇ ਸਿਰਫ਼ 5 ਸ਼ਹਿਰਾਂ ਵਿੱਚ ਸੀ, ਅੱਜ 20 ਵੱਡੇ ਸ਼ਹਿਰਾਂ ਦੀ ਸ਼ਾਨ ਬਣ ਚੁੱਕਾ ਹੈ, ਪਰ ਇਸ ਚਮਕ-ਦਮਕ ਦੇ ਪਿੱਛੇ ਲੁਕੀ ਅਸਲ ਸੱਚਾਈ ਬੇਹੱਦ ਦਰਦਨਾਕ ਹੈ। ਵੱਡਾ ਸਵਾਲ ਇਹ ਉੱਠਦਾ ਹੈ ਕਿ ਇਹ ਗਗਨਚੁੰਬੀ ਇਮਾਰਤਾਂ, ਮਹਿੰਗੇ ਐੱਕਸਪ੍ਰੈੱਸਵੇਅ ਅਤੇ ਹਵਾਈ ਅੱਡੇ ਦੇਸ਼ ਦੇ ਕਿਸ ਵਰਗ ਲਈ ਬਣਾਏ ਗਏ ਹਨ? ਕੀ ਦੇਸ਼ ਦਾ ਗਰੀਬ, ਮਜ਼ਦੂਰ ਅਤੇ ਮੱਧ ਵਰਗ ਇਨ੍ਹਾਂ ਮਹਿੰਗੀਆਂ ਸਹੂਲਤਾਂ ਦਾ ਆਨੰਦ ਲੈਣ ਦੇ ਸਮਰੱਥ ਹੈ?

ਹਕੀਕਤ ਇਹ ਹੈ ਕਿ ਇਸ ਚਮਕਦੀ ਤਸਵੀਰ ਦੇ ਓਹਲੇ ਦੇਸ਼ ਦਾ ਆਮ ਆਦਮੀ, ਮਜ਼ਦੂਰ ਅਤੇ ਕਿਸਾਨ ਅੱਜ ਵੀ ਬੇਹਾਲ ਬਸਤੀਆਂ, ਧੂੜ-ਮਿੱਟੀ ਅਤੇ ਗੰਦੇ ਪਾਣੀ ਨਾਲ ਨਰਕ ਬਣ ਚੁੱਕੇ ਪਿੰਡਾਂ ਤੇ ਸ਼ਹਿਰਾਂ ਵਿੱਚ ਜ਼ਿੰਦਗੀ ਕੱਟਣ ਲਈ ਮਜਬੂਰ ਹੈ। ਸਰਕਾਰ ਵੱਲੋਂ ਚਲਾਏ ਜਾ ਰਹੇ ਸਰਕਾਰੀ ਸਕੂਲ ਰੱਦੀ ਹਨ, ਜਿੱਥੇ ਗਰੀਬਾਂ ਦੇ ਬੱਚੇ ਪੜ੍ਹਦੇ ਹਨ ਅਤੇ ਖਸਤਾਹਾਲ ਸਰਕਾਰੀ ਹਸਪਤਾਲ ਇਸ ਗੱਲ ਦਾ ਸਬੂਤ ਹਨ ਕਿ ਆਮ ਲੋਕਾਂ ਲਈ ਬੁਨਿਆਦੀ ਸਹੂਲਤਾਂ ਅੱਜ ਵੀ ਜ਼ੀਰੋ ਦੇ ਬਰਾਬਰ ਹਨ। ਕੋਰੋਨਾ ਕਾਲ ਦੇ ਉਸ ਭਿਆਨਕ ਦੌਰ ਨੂੰ ਦੇਸ਼ ਕਦੇ ਨਹੀਂ ਭੁੱਲ ਸਕਦਾ, ਜਦੋਂ ਆਕਸੀਜਨ, ਬੈੱਡਾਂ ਅਤੇ ਇਲਾਜ ਦੀ ਘਾਟ ਕਾਰਨ ਲੱਖਾਂ ਲੋਕਾਂ ਨੇ ਦਮ ਤੋੜਿਆ ਅਤੇ ਸਭ ਤੋਂ ਵੱਧ ਮਾਰ ਇਸੇ ਗਰੀਬ ਜਨਤਾ 'ਤੇ ਪਈ ਸੀ।

ਦਰਅਸਲ, ਇਹ ਮਨਾਏ ਜਾ ਰਹੇ ਜਸ਼ਨ ਦੇਸ਼ ਦੇ ਅਸਲ ਵਿਕਾਸ ਦੇ ਨਹੀਂ, ਸਗੋਂ ਵਿਰੋਧੀ ਧਿਰਾਂ ਨੂੰ ਕੁਚਲਣ ਅਤੇ ਆਪਣੀ ਸਿਆਸੀ ਸਰਦਾਰੀ ਕਾਇਮ ਕਰਨ ਦੇ ਹਨ। ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਅਤੇ ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਦੇ ਅਜਿੱਤ ਕਿਲ੍ਹੇ ਨੂੰ ਢਾਹੁਣ ਲਈ ਸਰਕਾਰ ਨੇ ਸਾਮ, ਦਾਮ, ਦੰਡ, ਭੇਦ ਸਭ ਨੀਤੀਆਂ ਦਾ ਨੰਗਾ ਨਾਚ ਕੀਤਾ। ਵਿਧਾਨ ਸਭਾ ਚੋਣ ਉਪਰੰਤ ਟੀ ਐੱਮ ਸੀ ਦੇ 20 ਸੰਸਦ ਮੈਂਬਰਾਂ ਨੂੰ ਬਾਗੀ ਕਰਵਾ ਕੇ ਤ੍ਰਿਪੁਰਾ ਦੀ ਖੇਤਰੀ ਪਾਰਟੀ 'ਨੈਸ਼ਨਲ ਸਿਟੀਜ਼ਨਜ਼ ਪਾਰਟੀ ਆਫ਼ ਇੰਡੀਆ' ਵਿੱਚ ਸ਼ਾਮਲ ਕਰਵਾ ਦਿੱਤਾ ਗਿਆ। ਇਸ ਵੱਡੀ ਸਿਆਸੀ ਤੋੜ-ਭੰਨ ਦੇ ਪਿੱਛੇ ਇੱਕ ਬਹੁਤ ਹੀ ਗੰਭੀਰ ਅਤੇ ਖ਼ਤਰਨਾਕ ਚਾਲ ਲੁਕੀ ਹੋਈ ਹੈ। ਸਰਕਾਰ ਲੋਕ ਸਭਾ ਅਤੇ ਰਾਜ ਸਭਾ-ਦੋਵਾਂ ਸਦਨਾਂ ਵਿੱਚ 'ਦੋ-ਤਿਹਾਈ ਬਹੁਮਤ' ਹਾਸਲ ਕਰਨਾ ਚਾਹੁੰਦੀ ਹੈ। ਰਾਜ ਸਭਾ ਵਿੱਚ ਭਾਜਪਾ ਬਹੁਮਤ ਦੇ ਬੇਹੱਦ ਨਜ਼ਦੀਕ ਪਹੁੰਚ ਰਹੀ ਹੈ, ਜਿਸ ਤੋਂ ਬਾਅਦ ਦੇਸ਼ ਦੇ ਪਵਿੱਤਰ ਸੰਵਿਧਾਨ ਨੂੰ ਆਪਣੀ ਇੱਛਾ ਅਤੇ 'ਹਿੰਦੂਤਵਵਾਦੀ ਨੀਤੀਆਂ' ਅਨੁਸਾਰ ਬਦਲਣ ਜਾਂ ਨਵੇਂ ਸਿਰੇ ਤੋਂ ਲਿਖਣ ਦਾ ਰਸਤਾ ਸਾਫ਼ ਹੋ ਜਾਵੇਗਾ। ਇਹ ਕੋਸ਼ਿਸ਼ ਦੇਸ਼ ਦੇ ਬਹੁ-ਸੱਭਿਆਚਾਰਕ, ਧਰਮ-ਨਿਰਪੱਖ ਅਤੇ ਜਮਹੂਰੀ ਢਾਂਚੇ ਲਈ ਘਾਤਕ ਸਿੱਧ ਹੋ ਸਕਦੀ ਹੈ, ਜੋ ਦੇਸ਼ ਦੇ ਟੁਕੜੇ-ਟੁਕੜੇ ਕਰਨ ਦੀ ਸਮਰੱਥਾ ਰੱਖਦੀ ਹੈ।

ਕੀ ਦੂਜੀਆਂ ਪਾਰਟੀਆਂ ਵਿੱਚ ਅਜਿਹੀ ਫੁੱਟ ਪਾਉਣਾ ਅਤੇ ਜਨਾਦੇਸ਼ ਦਾ ਅਪਮਾਨ ਕਰਨਾ ਗ਼ੈਰ-ਲੋਕਤੰਤਰਿਕ ਨਹੀਂ ਹੈ? ਅੱਜ ਲੋਕਤੰਤਰ ਦੀ ਦੁਹਾਈ ਦੇਣ ਵਾਲੀ ਸਰਕਾਰ ਵਿਰੋਧੀਆਂ ਨੂੰ ਝੁਕਾਉਣ ਲਈ ਈ ਡੀ, ਸੀ ਬੀ ਆਈ ਅਤੇ ਇੱਥੋਂ ਤੱਕ ਕਿ ਚੋਣ ਕਮਿਸ਼ਨ ਵਰਗੀਆਂ ਸੰਵਿਧਾਨਕ ਸੰਸਥਾਵਾਂ ਦੀ ਸ਼ਰੇਆਮ ਅਤੇ ਸ਼ਰਮਨਾਕ ਵਰਤੋਂ ਕਰ ਰਹੀ ਹੈ। ਵਿਰੋਧੀ ਨੇਤਾਵਾਂ ਨੂੰ ਜੇਲ੍ਹਾਂ ਵਿੱਚ ਡੱਕਣਾ, ਉਨ੍ਹਾਂ ਦੇ ਫੰਡ ਫ੍ਰੀਜ਼ ਕਰਨਾ ਅਤੇ ਰਾਤੋ-ਰਾਤ ਪਾਰਟੀਆਂ ਨੂੰ ਤੋੜਨਾ ਸਿੱਧੀ ਤਾਨਾਸ਼ਾਹੀ ਵੱਲ ਇਸ਼ਾਰਾ ਕਰਦਾ ਹੈ। ਅੱਜ ਦੀਆਂ ਸੰਸਥਾਵਾਂ ਨਿਰਪੱਖ ਹੋਣ ਦੀ ਬਜਾਏ ਸੱਤਾਧਾਰੀ ਪਾਰਟੀ ਦੇ ਵਿੰਗ ਵਜੋਂ ਕੰਮ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਹਾਲਾਂਕਿ, ਇਹ ਬਿਮਾਰੀ ਭਾਰਤੀ ਰਾਜਨੀਤੀ ਵਿੱਚ ਪੁਰਾਣੀ ਹੈ। ਕਾਂਗਰਸ ਦੇ ਰਾਜ ਦੌਰਾਨ ਵੀ ਵਿਰੋਧੀ ਸਰਕਾਰਾਂ ਨੂੰ ਧਾਰਾ 356 ਦੀ ਦੁਰਵਰਤੋਂ ਕਰਕੇ ਬੇਰਹਿਮੀ ਨਾਲ ਡਿਗਾਇਆ ਜਾਂਦਾ ਸੀ ਅਤੇ ਇੰਦਰਾ ਗਾਂਧੀ ਨੇ ਵੀ ਸੱਤਾ ਵਿੱਚ ਬਣੇ ਰਹਿਣ ਲਈ ਸੀ ਬੀ ਆਈ ਨੂੰ 'ਪਿੰਜਰੇ ਦਾ ਤੋਤਾ' ਬਣਾ ਕੇ ਰੱਖਿਆ ਸੀ। ਅੱਜ ਦੇ ਹਾਕਮਾਂ ਨੇ ਉਸੇ ਪੁਰਾਣੇ ਤਾਨਾਸ਼ਾਹੀ ਮਾਡਲ ਨੂੰ ਹੋਰ ਵੀ ਆਧੁਨਿਕ ਅਤੇ ਮਾਰੂ ਬਣਾ ਕੇ ਪੇਸ਼ ਕਰ ਦਿੱਤਾ ਹੈ।

ਮੌਜੂਦਾ ਦੌਰ ਦੀ ਸਥਿਤੀ ਹੋਰ ਵੀ ਭਿਆਨਕ ਇਸ ਲਈ ਹੈ, ਕਿਉਂਕਿ ਹੁਣ ਸੱਤਾ ਦੀ ਹਵਸ ਵਿੱਚ ਸਮਾਜਿਕ ਤਾਣੇ-ਬਾਣੇ ਨੂੰ ਹੀ ਨਿਸ਼ਾਨਾ ਬਣਾਇਆ ਗਿਆ ਹੈ।ਹੁਣ ਦੀ ਸਰਕਾਰ ਨੇ ਪਹਿਲਾਂ ਧਰਮ ਦੇ ਨਾਂਅ 'ਤੇ ਸਮਾਜ ਵਿੱਚ ਨਫ਼ਰਤ ਦਾ ਅਜਿਹਾ ਪਾੜਾ ਪਾਇਆ, ਜੋ ਪਹਿਲਾਂ ਕਦੇ ਨਹੀਂ ਦੇਖਿਆ ਗਿਆ। ਵੋਟਾਂ ਹਥਿਆਉਣ ਲਈ ਬਹੁਗਿਣਤੀ ਭਾਵਨਾਵਾਂ ਨੂੰ ਭੜਕਾਇਆ ਗਿਆ, ਫਿਰ ਜਾਤ-ਪਾਤ ਦੇ ਵਰਤਾਰੇ ਨੂੰ ਹਵਾ ਦਿੱਤੀ ਗਈ ਅਤੇ ਹੁਣ ਹਰ ਉੱਠਣ ਵਾਲੀ ਵਿਰੋਧੀ ਅਤੇ ਸੱਚੀ ਆਵਾਜ਼ ਨੂੰ ਦੇਸ਼-ਧ੍ਰੋਹ ਦਾ ਲੇਬਲ ਲਗਾ ਕੇ ਖ਼ਤਮ ਕੀਤਾ ਜਾ ਰਿਹਾ ਹੈ। ਚਰਚਾ ਤਾਂ ਇੱਥੋਂ ਤੱਕ ਹੈ ਕਿ ਦੇਸ਼ ਦੀ ਨਿਆਂ ਪਾਲਿਕਾ ਦੀ ਆਜ਼ਾਦੀ ਨੂੰ ਵੀ ਹੌਲੀ-ਹੌਲੀ ਖ਼ਤਮ ਕਰਕੇ ਉਸ ਨੂੰ ਸਰਕਾਰੀ ਇੱਛਾ ਅਨੁਸਾਰ ਢਾਲਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਚੌਥਾ ਸਤੰਭ ਕਹਾਉਣ ਵਾਲਾ ਮੀਡੀਆ ਅੱਜ 'ਗੋਦੀ ਮੀਡੀਆ' ਬਣ ਕੇ ਸੱਤਾ ਦੇ ਸੋਹਲੇ ਗਾ ਰਿਹਾ ਹੈ।

ਦੇਸ਼ ਦੀ ਜਨਤਾ ਨੇ ਇੱਕ 'ਚਾਹ ਵੇਚਣ ਵਾਲੇ' ਦੇ ਸਧਾਰਨ ਅਤੇ ਗਰੀਬ ਪਿਛੋਕੜ ਤੋਂ ਪ੍ਰਭਾਵਤ ਹੋ ਕੇ ਉਸ ਦੇ ਹੰਝੂਆਂ 'ਤੇ ਵਿਸ਼ਵਾਸ ਕਰਕੇ ਦੇਸ਼ ਦੀ ਕਮਾਨ ਸੌਂਪੀ ਸੀ, ਪਰ ਅੱਜ ਉਹ ਪ੍ਰਧਾਨ ਮੰਤਰੀ, ਉਨ੍ਹਾ ਦੇ ਮੰਤਰੀ, ਸੰਸਦ ਮੈਂਬਰ ਅਤੇ ਮੋਦੀ ਭਗਤ ਕਿਸੇ ਤਾਨਾਸ਼ਾਹ ਰਾਜੇ-ਮਹਾਰਾਜੇ ਵਾਂਗ ਅਲੀਸ਼ਾਨ ਬੰਗਲਿਆਂ, ਅਰਬਾਂ ਰੁਪਏ ਦੇ ਹਵਾਈ ਜਹਾਜ਼ਾਂ ਅਤੇ ਮਹਿੰਗੀਆਂ ਗੱਡੀਆਂ ਦੇ ਕਾਫ਼ਲਿਆਂ ਵਿੱਚ ਰਹਿੰਦੇ ਹਨ। ਜਨਤਾ ਜੋ ਮਹਿੰਗਾਈ, ਆਟੇ-ਦਾਲ ਦੇ ਭਾਅ ਅਤੇ ਬੇਰੁਜ਼ਗਾਰੀ ਦੀ ਚੱਕੀ ਵਿੱਚ ਬੁਰੀ ਤਰ੍ਹਾਂ ਪਿਸ ਰਹੀ ਹੈ। ਇਹ ਲੋਕਤੰਤਰ ਨਹੀਂ, ਸਗੋਂ ਜਨਤਾ ਦੇ ਪੈਸੇ 'ਤੇ ਪਲ ਰਹੀ ਇੱਕ ਨਵੀਂ 'ਰਾਜਸ਼ਾਹੀ' ਹੈ।

ਕੀ ਮੋਦੀ ਜੀ ਦੇਸ਼ ਦੇ ਇਸ ਲੜਖੜਾਉਂਦੇ ਅਤੇ ਅਧਮੋਏ ਹੋ ਚੁੱਕੇ ਲੋਕਤੰਤਰ ਤੋਂ ਅਣਜਾਣ ਹਨ? ਉਹ ਭਾਵੇਂ ਵਿਦੇਸ਼ੀ ਮੰਚਾਂ 'ਤੇ ਜਾ ਕੇ ਭਾਰਤ ਨੂੰ 'ਲੋਕਤੰਤਰ ਦੀ ਜਨਨੀ' ਕਹਿਣ ਅਤੇ ਦੇਸ਼ ਦੀਆਂ ਰੈਲੀਆਂ ਵਿੱਚ ਲੱਖਾਂ ਪ੍ਰਾਪਤੀਆਂ ਦੇ ਦਾਅਵੇ ਕਰਨ, ਪਰ ਜਦੋਂ ਦੇਸ਼ ਦੀ ਅਸਲ ਸਥਿਤੀ, ਬੇਰੁਜ਼ਗਾਰੀ, ਕਿਸਾਨਾਂ ਦੀਆਂ ਖੁਦਕੁਸ਼ੀਆਂ ਅਤੇ ਡਿੱਗਦੀ ਆਰਥਿਕਤਾ 'ਤੇ ਤਿੱਖੇ ਸਵਾਲ ਉੱਠਦੇ ਹਨ, ਤਾਂ ਉਹ ਜਨਤਾ ਅਤੇ ਸੁਤੰਤਰ ਪੱਤਰਕਾਰਾਂ ਦੇ ਸਾਹਮਣੇ ਇੱਕ ਵੀ ਖੁੱਲ੍ਹੀ ਪ੍ਰੈੱਸ ਕਾਨਫਰੰਸ ਕਰਨ ਤੋਂ ਕੰਨੀ ਕਤਰਾਉਂਦੇ ਹਨ। ਦੇਸ਼ ਦਾ ਪੜ੍ਹਿਆ-ਲਿਖਿਆ ਨੌਜਵਾਨ ਅੱਜ ਡਿਗਰੀਆਂ ਹੱਥਾਂ ਵਿੱਚ ਲੈ ਕੇ ਨੌਕਰੀਆਂ ਨਾ ਮਿਲਣ ਕਾਰਨ ਮਾਨਸਿਕ ਤੌਰ 'ਤੇ ਪਰੇਸ਼ਾਨ ਹੈ। ਆਪਣੀ ਇਸੇ ਮਜਬੂਰੀ, ਨਿਰਾਸ਼ਾ ਅਤੇ ਸਿਸਟਮ ਖ਼ਿਲਾਫ਼ ਗੁੱਸੇ ਨੂੰ ਪ੍ਰਗਟ ਕਰਨ ਲਈ ਨੌਜਵਾਨਾਂ ਨੇ ਹੁਣ 'ਕਾਕਰੋਚ ਪਾਰਟੀ' ਵਰਗੇ ਅਨੋਖੇ ਅਤੇ ਵਿਅੰਗਆਤਮਕ ਤਰੀਕੇ ਅਪਣਾ ਕੇ ਮੋਦੀ ਸਿਸਟਮ 'ਤੇ ਚੋਟ ਕਰਨੀ ਸ਼ੁਰੂ ਕਰ ਦਿੱਤੀ ਹੈ।

ਜਸ਼ਨਾਂ ਵਿੱਚ ਡੁੱਬੇ ਅਤੇ ਹੰਕਾਰ ਦੇ ਨਸ਼ੇ ਵਿੱਚ ਅੰਨ੍ਹੇ ਹੋ ਚੁੱਕੇ ਸ਼ਾਸਕਾਂ ਨੂੰ ਇਹ ਗੱਲ ਚੇਤੇ ਰੱਖਣੀ ਪਵੇਗੀ ਕਿ ਜਨਤਾ ਅੱਤ ਦੀ ਤਾਨਾਸ਼ਾਹੀ, ਜ਼ੁਲਮ ਅਤੇ ਹੰਕਾਰ ਨੂੰ ਕਦੇ ਲੰਮੇ ਸਮੇਂ ਤੱਕ ਬਰਦਾਸ਼ਤ ਨਹੀਂ ਕਰਦੀ। ਭਾਰਤੀ ਵੋਟਰ ਸ਼ਾਂਤ ਰਹਿ ਕੇ ਸਭ ਦੇਖਦਾ ਹੈ, ਪਰ ਜਦੋਂ ਉਹ ਬਦਲਾਅ ਦੀ ਕਰਵਟ ਲੈਂਦਾ ਹੈ, ਤਾਂ ਵੱਡੇ-ਵੱਡੇ ਸੂਰਮਿਆਂ ਦਾ ਹੰਕਾਰ ਅਤੇ ਉਨ੍ਹਾਂ ਦੇ ਤਖ਼ਤ-ਓ-ਤਾਜ ਮਿੱਟੀ ਵਿੱਚ ਮਿਲ ਜਾਂਦੇ ਹਨ।

ਇਤਿਹਾਸ ਗਵਾਹ ਹੈ ਕਿ ਹੰਕਾਰ ਭਾਵੇਂ ਰਾਵਣ ਦਾ ਹੋਵੇ ਜਾਂ ਹਿਟਲਰ ਦਾ, ਉਹ ਕਦੇ ਸਲਾਮਤ ਨਹੀਂ ਰਿਹਾ। ਸ਼ਾਇਦ ਇਸੇ ਲਈ ਮੋਦੀ ਜੀ ਅਤੇ ਉਨ੍ਹਾ ਦੇ ਅੰਨ੍ਹੇ ਭਗਤਾਂ ਨੂੰ ਸੱਤਾ ਦੇ ਨਸ਼ੇ ਵਿੱਚੋਂ ਬਾਹਰ ਕੱਢਣ ਅਤੇ ਆਈਨਾ ਦਿਖਾਉਣ ਲਈ ਕਿਸੇ ਨੇ ਇਹ ਪ੍ਰਸਿੱਧ ਸ਼ੇਅਰ ਯਾਦ ਕਰਵਾਇਆ ਹੈ:

*ਤੁਮ ਸੇ ਪਹਿਲੇ ਵੋ ਜੋ ਏਕ ਸ਼ਖ਼ਸ ਯਹਾਂ ਤਖ਼ਤ ਨਸ਼ੀਂ ਥਾ,*
*ਉਸ ਕੋ ਭੀ ਅਪਨੇ ਖ਼ੁਦਾ ਹੋਨੇ ਕਾ ਇਤਨਾ ਹੀ ਯਕੀਂ ਥਾ।*

**# ਸੰਪਰਕ : 98158-02070**

# ਕਿਸਾਨੀ ਸੰਕਟ ਦੇ ਕੰਢੇ 'ਤੇ...!



ਗੁਰਪ੍ਰੀਤ

ਦੇਸ਼ ਦਾ 'ਅੰਨ-ਭੰਡਾਰ' ਕਿਹਾ ਜਾਂਦਾ ਹੈ ਪੰਜਾਬ, ਅੱਜ ਖੁਦ ਇੱਕ ਗੰਭੀਰ ਆਰਥਿਕ ਅਤੇ ਸਮਾਜਿਕ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਖੇਤੀਬਾੜੀ, ਜੋ ਕਦੇ ਪੰਜਾਬੀਆਂ ਦੀ ਸ਼ਾਨ ਅਤੇ ਖੁਸ਼ਹਾਲੀ ਦਾ ਪ੍ਰਤੀਕ ਸੀ, ਅੱਜ ਇੱਕ ਅਜਿਹਾ ਜੋਖਮ ਭਰਿਆ ਸੰਘਰਸ਼ ਬਣ ਚੁੱਕੀ ਹੈ, ਜਿਸ ਵਿੱਚ ਕਿਸਾਨ ਆਪਣੀ ਮਿਹਨਤ, ਸਰਮਾਇਆ ਅਤੇ ਕਈ ਵਾਰ ਆਪਣੀ ਜ਼ਿੰਦਗੀ ਤੱਕ ਦਾਅ 'ਤੇ ਲਗਾ ਦਿੰਦਾ ਹੈ। ਖੇਤਾਂ ਵਿੱਚ 'ਸੋਨਾ' ਉਗਾਉਣ ਵਾਲਾ ਅੰਨਦਾਤਾ ਅੱਜ ਖੁਦ ਕਰਜ਼ਿਆਂ ਅਤੇ ਮਾਨਸਿਕ ਚਿੰਤਾਵਾਂ ਦੇ ਜਾਲ ਵਿੱਚ ਉਲਝਿਆ ਹੋਇਆ ਹੈ।

ਖੇਤੀਬਾੜੀ ਦੇ ਘਾਟੇ ਦਾ ਸੌਦਾ ਬਣਨ ਦਾ ਸਭ ਤੋਂ ਵੱਡਾ ਕਾਰਨ ਲਾਗਤ ਖਰਚਿਆਂ ਅਤੇ ਫਸਲਾਂ ਦੇ ਭਾਅ ਵਿਚਲਾ ਵੱਡਾ ਪਾੜਾ ਹੈ। ਬੀਜ, ਖਾਦਾਂ, ਕੀਟਨਾਸ਼ਕ, ਡੀਜ਼ਲ ਅਤੇ ਮਸ਼ੀਨਰੀ ਦੀਆਂ ਕੀਮਤਾਂ ਅਸਮਾਨੀ ਚੜ੍ਹ ਰਹੀਆਂ ਹਨ, ਪਰ ਉਸ ਦੇ ਮੁਕਾਬਲੇ ਫਸਲਾਂ ਦੇ ਲਾਹੇਵੰਦ ਭਾਅ ਨਹੀਂ ਵਧ ਰਹੇ।

ਹਾਲਾਂਕਿ ਸਰਕਾਰਾਂ ਵੱਲੋਂ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਕੀਤਾ ਜਾਂਦਾ ਹੈ, ਪਰ ਸਾਰੀਆਂ ਫਸਲਾਂ ਦੀ ਖਰੀਦ ਦੀ ਪੱਕੀ ਕਾਨੂੰਨੀ ਗਾਰੰਟੀ ਨਾ ਹੋਣ ਕਾਰਨ ਕਿਸਾਨਾਂ ਨੂੰ ਆਪਣੀ ਜਿਣਸ ਮੰਡੀਆਂ ਵਿੱਚ ਮਿੱਟੀ ਦੇ ਭਾਅ ਵੇਚਣੀ ਪੈਂਦੀ ਹੈ। ਇਹੋ ਕਾਰਨ ਹੈ ਕਿ ਬੈਂਕਾਂ ਦੇ ਨੋਟਿਸ ਅਤੇ ਸ਼ਾਹੂਕਾਰਾਂ ਦੀਆਂ ਦੇਣਦਾਰੀਆਂ ਅੱਜ ਪੰਜਾਬ ਦੇ ਹਰ ਦੂਜੇ ਕਿਸਾਨੀ ਘਰ ਦੀ ਸਥਾਈ ਚਿੰਤਾ ਬਣ ਚੁੱਕੀਆਂ ਹਨ।

ਆਰਥਿਕ ਬੋਝ ਦੇ ਨਾਲ-ਨਾਲ ਮੌਸਮੀ ਤਬਦੀਲੀਆਂ ਨੇ ਕਿਸਾਨ ਦੀ ਕਮਰ ਤੋੜ ਦਿੱਤੀ ਹੈ। ਬੇਮੌਸਮੀ ਬਾਰਿਸ਼, ਗੜੇਮਾਰੀ ਅਤੇ ਨਵੇਂ-ਨਵੇਂ ਕੀੜਿਆਂ ਦੇ ਹਮਲੇ ਪੂਰੇ ਸੀਜ਼ਨ ਦੀ ਮਿਹਨਤ ਨੂੰ ਪਲਾਂ ਵਿੱਚ ਬਰਬਾਦ ਕਰ ਦਿੰਦੇ ਹਨ। ਦੂਜੇ ਪਾਸੇ, ਹਰੀ ਕ੍ਰਾਂਤੀ ਦੇ ਦੌਰ ਵਿੱਚ ਦੇਸ਼ ਨੂੰ ਆਤਮ-ਨਿਰਭਰ ਬਣਾਉਣ ਵਾਲੀ ਪੰਜਾਬ ਦੀ ਧਰਤੀ ਹੁਣ 'ਥਕਾਵਟ' ਦਾ ਸ਼ਿਕਾਰ ਹੈ। ਕਣਕ-ਝੋਨੇ ਦੇ ਰਵਾਇਤੀ ਫਸਲੀ ਚੱਕਰ ਨੇ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਖ਼ਤਰਨਾਕ ਹੱਦ ਤੱਕ ਹੇਠਾਂ ਸੁੱਟ ਦਿੱਤਾ ਹੈ ਅਤੇ ਜ਼ਿਆਦਾ ਰਸਾਇਣਾਂ ਦੀ ਵਰਤੋਂ ਨੇ ਮਿੱਟੀ ਦੀ ਸਿਹਤ ਵਿਗਾੜ ਦਿੱਤੀ ਹੈ।

ਇਸ ਆਰਥਿਕ ਦਬਾਅ ਨੇ ਪੰਜਾਬ ਦੇ ਪਿੰਡਾਂ ਦੀ ਸਮਾਜਿਕ ਬਣਤਰ ਨੂੰ ਬਦਲ ਦਿੱਤਾ ਹੈ। ਨੌਜਵਾਨ ਪੀੜ੍ਹੀ ਨੂੰ ਖੇਤੀ ਵਿੱਚ ਕੋਈ ਭਵਿੱਖ ਨਜ਼ਰ ਨਹੀਂ ਆ ਰਿਹਾ, ਜਿਸ ਕਾਰਨ ਵਿਦੇਸ਼ ਜਾਣ ਦੀ ਦੌੜ ਤੇਜ਼ ਹੋਈ ਹੈ। ਹੱਸਦੇ-ਵਸਦੇ ਪਿੰਡਾਂ ਦਾ ਖਾਲੀ ਹੋਣਾ ਅਤੇ ਨੌਜਵਾਨਾਂ ਦਾ ਖੇਤੀ ਤੋਂ ਮੂੰਹ ਮੋੜਨਾ ਪੰਜਾਬ ਦੇ ਸੁਨਹਿਰੀ ਭਵਿੱਖ 'ਤੇ ਇੱਕ ਵੱਡਾ ਸਵਾਲੀਆ ਚਿੰਨ੍ਹ ਹੈ। ਕਿਸਾਨਾਂ ਦੇ ਅੰਦੋਲਨ ਮਹਿਜ਼ ਰਾਜਨੀਤਕ ਪ੍ਰਦਰਸ਼ਨ ਨਹੀਂ, ਸਗੋਂ ਆਪਣੀ ਰੋਜ਼ੀ-ਰੋਟੀ ਬਚਾਉਣ ਲਈ ਮਜਬੂਰੀ ਵਿੱਚ ਮਾਰੀਆਂ ਗਈਆਂ ਚੀਕਾਂ ਹਨ।



ਖੇਤੀ ਸੰਕਟ ਨੂੰ ਹੱਲ ਕਰਨ ਲਈ ਹੁਣ ਮਹਿਜ਼ ਐਲਾਨਾਂ ਦੀ ਨਹੀਂ, ਸਗੋਂ ਦੂਰਅੰਦੇਸ਼ੀ ਨੀਤੀਆਂ ਦੀ ਲੋੜ ਹੈ। ਸਰਕਾਰ ਨੂੰ ਗੰਨਾ, ਮੱਕੀ, ਦਾਲਾਂ ਅਤੇ ਬਾਗ਼ਬਾਨੀ ਲਈ ਸਿਰਫ ਸਲਾਹ ਹੀ ਨਹੀਂ, ਸਗੋਂ ਲਾਹੇਵੰਦ ਭਾਅ ਅਤੇ ਬਾਜ਼ਾਰ ਦੀ ਪੱਕੀ ਵਿਵਸਥਾ ਦੇਣੀ ਚਾਹੀਦੀ ਹੈ। ਪਿੰਡ ਪੱਧਰ 'ਤੇ ਕੋਲਡ ਸਟੋਰੇਜ ਅਤੇ ਛੋਟੇ ਪ੍ਰੋਸੈਸਿੰਗ ਯੂਨਿਟ ਲਗਾ ਕੇ ਕਿਸਾਨ ਨੂੰ ਸਿੱਧਾ ਮੰਡੀਕਰਨ ਨਾਲ ਜੋੜਿਆ ਜਾਵੇ, ਤਾਂ ਜੋ ਵਿਚੋਲਿਆਂ ਦੀ ਲੁੱਟ ਖਤਮ ਹੋਵੇ।

ਪਾਣੀ ਬਚਾਉਣ ਵਾਲੀਆਂ ਵਿਧੀਆਂ ਅਤੇ ਮਿੱਟੀ ਦੀ ਜਾਂਚ ਰਾਹੀਂ ਲਾਗਤ ਖਰਚੇ ਘਟਾਉਣ ਵੱਲ ਕੰਮ ਕਰਨਾ ਹੋਵੇਗਾ। ਕਰਜ਼ਾ ਮਾਫ਼ੀ ਵਰਗੇ ਆਰਜ਼ੀ ਹੱਲਾਂ ਦੀ ਬਜਾਏ ਕਿਸਾਨਾਂ ਲਈ ਇੱਕ 'ਸਥਿਰ ਆਮਦਨ ਮਾਡਲ' ਤਿਆਰ ਕੀਤਾ ਜਾਵੇ, ਤਾਂ ਜੋ ਉਹ ਜੋਖਮ ਮੁਕਤ ਹੋ ਕੇ ਖੇਤੀ ਕਰ ਸਕਣ।

ਖ਼ੈਰ, 21ਵੀਂ ਸਦੀ ਵਿੱਚ ਖੇਤੀਬਾੜੀ ਨੂੰ ਸਿਰਫ ਰਾਜਨੀਤਕ ਮੁੱਦਾ ਬਣਾਉਣ ਦੀ ਬਜਾਏ ਇੱਕ ਰਾਸ਼ਟਰੀ ਤਰਜੀਹ ਵਜੋਂ ਦੇਖਣਾ ਚਾਹੀਦਾ ਹੈ। ਜੇਕਰ ਅੰਨਦਾਤਾ ਮਜ਼ਬੂਤ ਹੋਵੇਗਾ, ਤਾਂ ਹੀ ਦੇਸ਼ ਦੀ ਖੁਰਾਕੀ ਸੁਰੱਖਿਆ ਅਤੇ ਆਰਥਿਕਤਾ ਸਥਿਰ ਰਹਿ ਸਕੇਗੀ। ਸਮਾਜ ਨੂੰ ਵੀ ਇਹ ਸਮਝਣ ਦੀ ਲੋੜ ਹੈ ਕਿ ਕਿਸਾਨ ਦੀ ਖੁਸ਼ਹਾਲੀ ਵਿੱਚ ਹੀ ਦੇਸ਼ ਦੀ ਖੁਸ਼ਹਾਲੀ ਛੁਪੀ ਹੋਈ ਹੈ।

**# ਸੰਪਰਕ : 95698-20314**

# ਮਣੀਪੁਰ ਨੂੰ ਨਵੀਂ ਚੁਣੀ ਹੋਈ ਭਰੋਸੇਯੋਗ ਸਰਕਾਰ ਦੀ ਲੋੜ

**ਮੂਲ : ਪੱਲਬ ਸੇਨਗੁਪਤਾ**

**ਅਨੁਵਾਦ : ਐੱਮ ਐੱਸ ਭਾਟੀਆ**

ਮਣੀਪੁਰ ਅਜੇ ਵੀ ਲਹੂ-ਲੁਹਾਨ ਹੋ ਰਿਹਾ ਹੈ ਅਤੇ ਇਹ ਖੂਨ-ਖਰਾਬਾ ਹੁਣ ਰੁਕਣਾ ਚਾਹੀਦਾ ਹੈ। ਰਾਜ ਨੂੰ ਹਿੰਸਾ ਦੀ ਲਪੇਟ ਵਿੱਚ ਆਏ ਤਿੰਨ ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ, ਪਰ ਜ਼ਖ਼ਮ ਅਜੇ ਵੀ ਗਹਿਰੇ ਅਤੇ ਤਾਜ਼ਾ ਹਨ। ਕਤਲ, ਫਿਰੌਤੀ , ਹਥਿਆਰਬੰਦ ਹਮਲੇ, ਅਗਵਾ, ਘਰਾਂ ਅਤੇ ਜਾਇਦਾਦਾਂ ਦੀ ਤਬਾਹੀ ਅਤੇ ਹਜ਼ਾਰਾਂ ਲੋਕਾਂ ਦਾ ਜ਼ਬਰਦਸਤੀ ਉਜਾੜਾ ਅੱਜ ਵੀ ਆਮ ਲੋਕਾਂ ਦੀ ਜ਼ਿੰਦਗੀ ਨੂੰ ਤਬਾਹ ਕਰ ਰਹੇ ਹਨ। ਪਰਵਾਰ ਟੁੱਟ ਚੁੱਕੇ ਹਨ, ਭਾਈਚਾਰੇ ਤਬਾਹ ਹੋ ਚੁੱਕੇ ਹਨ ਅਤੇ ਇੱਕ ਪੂਰੀ ਪੀੜ੍ਹੀ ਡਰ, ਅਨਿਸਚਿਤਤਾ ਅਤੇ ਮਾਨਸਿਕ ਸਦਮੇ ਵਿੱਚ ਜਿਊਣ ਲਈ ਮਜਬੂਰ ਹੋ ਗਈ ਹੈ।

ਮਣੀਪੁਰ ਦੀ ਇਹ ਲਗਾਤਾਰ ਤ੍ਰਾਸਦੀ ਅੱਜ ਦੇਸ਼ ਦੇ ਸਾਹਮਣੇ ਖੜ੍ਹੇ ਸਭ ਤੋਂ ਗੰਭੀਰ ਮਨੁੱਖੀ ਅਤੇ ਰਾਜਨੀਤਕ ਸੰਕਟਾਂ ਵਿੱਚੋਂ ਇੱਕ ਹੈ। ਇਹ ਮਣੀਪੁਰ ਦੀ ਮੌਜੂਦਾ ਸਰਕਾਰ ਦੀ ਪੂਰੀ ਨਾਕਾਮੀ ਅਤੇ ਕੇਂਦਰ ਸਰਕਾਰ ਦੀ ਸ਼ਾਂਤੀ ਬਹਾਲ ਕਰਨ, ਭਰੋਸਾ ਮੁੜ ਕਾਇਮ ਕਰਨ ਅਤੇ ਸਾਰੇ ਲੋਕਾਂ ਲਈ ਇਨਸਾਫ਼ ਅਤੇ ਸੁਰੱਖਿਆ ਯਕੀਨੀ ਬਣਾਉਣ ਵਿੱਚ ਅਸਮਰੱਥਤਾ ਦਾ ਵੀ ਸਪੱਸ਼ਟ ਸਬੂਤ ਹੈ।

ਮਣੀਪੁਰ ਦੇ ਲੋਕ, ਭਾਵੇਂ ਉਹ ਕਿਸੇ ਵੀ ਭਾਈਚਾਰੇ, ਨਸਲੀ ਸਮੂਹ, ਧਰਮ ਜਾਂ ਖੇਤਰ ਨਾਲ ਸਬੰਧਤ ਹੋਣ, ਇਸ ਲੰਮੇ ਖਿੱਚੇ ਜਾ ਰਹੇ ਟਕਰਾਅ ਕਾਰਨ ਬਹੁਤ ਦੁੱਖ ਝੱਲ ਚੁੱਕੇ ਹਨ। ਇਹ ਤ੍ਰਾਸਦੀ ਸਮਾਜ ਦੇ ਕਿਸੇ ਇੱਕ ਹਿੱਸੇ ਤੱਕ ਸੀਮਿਤ ਨਹੀਂ। ਮੈਤੇਈ, ਕੁਕੀ, ਨਾਗਾ ਅਤੇ ਹੋਰ ਭਾਈਚਾਰਿਆਂ ਨੇ ਹਿੰਸਾ, ਡਰ ਅਤੇ ਉਜਾੜੇ ਦੇ ਨਤੀਜੇ ਭੁਗਤੇ ਹਨ। ਪਰਵਾਰਾਂ ਨੇ ਆਪਣੇ ਪਿਆਰੇ ਗੁਆਏ ਹਨ, ਰੋਜ਼ੀ-ਰੋਟੀ ਦੇ ਸਾਧਨ ਤਬਾਹ ਹੋ ਗਏ ਹਨ, ਸਿੱਖਿਆ ਪ੍ਰਭਾਵਤ ਹੋਈ ਹੈ ਅਤੇ ਪੀੜ੍ਹੀਆਂ ਤੋਂ ਬਣੇ ਸਮਾਜਿਕ ਰਿਸ਼ਤੇ ਬੁਰੀ ਤਰ੍ਹਾਂ ਨੁਕਸਾਨੇ ਗਏ ਹਨ।

ਭਾਜਪਾ ਸਰਕਾਰ ਦੀ ਸਭ ਤੋਂ ਪਹਿਲੀ ਜ਼ਿੰਮੇਵਾਰੀ ਆਪਣੇ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਅਤੇ ਕਾਨੂੰਨ ਦੇ ਰਾਜ ਨੂੰ ਕਾਇਮ ਰੱਖਣਾ ਸੀ। ਇਸ ਮਾਮਲੇ ਵਿੱਚ ਮੌਜੂਦਾ ਭਾਜਪਾ ਸਰਕਾਰ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਵਾਰ-ਵਾਰ ਭਰੋਸੇ ਦਿੱਤੇ ਜਾਣ ਦੇ ਬਾਵਜੂਦ ਕਈ ਖੇਤਰਾਂ ਵਿੱਚ ਹਥਿਆਰਬੰਦ ਗਰੁੱਪ ਬੇਖ਼ੌਫ਼ ਹੋ ਕੇ ਕੰਮ ਕਰ ਰਹੇ ਹਨ। ਵਸੂਲੀ ਦਾ ਕਾਰੋਬਾਰ ਆਮ ਨਾਗਰਿਕਾਂ, ਵਪਾਰੀਆਂ, ਟਰਾਂਸਪੋਰਟਰਾਂ, ਸਰਕਾਰੀ ਕਰਮਚਾਰੀਆਂ ਅਤੇ ਕਾਰੋਬਾਰਾਂ ਨੂੰ ਪ੍ਰਭਾਵਤ ਕਰ ਰਿਹਾ ਹੈ। ਕਤਲਾਂ ਅਤੇ ਹਮਲਿਆਂ ਦੀਆਂ ਘਟਨਾਵਾਂ ਜਾਰੀ ਹਨ, ਜਿਸ ਨਾਲ ਡਰ ਅਤੇ ਬੇਭਰੋਸਗੀ ਦਾ ਮਾਹੌਲ ਬਣਿਆ ਹੋਇਆ ਹੈ। ਹਾਲਾਤ 'ਤੇ ਪ੍ਰਭਾਵਸ਼ਾਲੀ ਕੰਟਰੋਲ ਕਰਨ ਵਿੱਚ ਅਧਿਕਾਰੀਆਂ ਦੀ ਅਸਫਲਤਾ ਕਾਰਨ ਲੋਕਾਂ ਦਾ ਸਰਕਾਰ ਅਤੇ ਉਸ ਦੀਆਂ ਸੰਸਥਾਵਾਂ 'ਤੇ ਭਰੋਸਾ ਘਟਿਆ ਹੈ।

ਇੱਕ ਵੱਡੀ ਚਿੰਤਾ ਕਥਿਤ 'ਸਸਪੈਂਸ਼ਨ ਆਫ਼ ਓਪਰੇਸ਼ਨਜ਼' ਸਮਝੌਤਿਆਂ ਨੂੰ ਲੈ ਕੇ ਹੈ, ਜੋ ਕੁਝ ਉਗਰਵਾਦੀ ਸੰਗਠਨਾਂ ਨਾਲ ਕੀਤੇ ਗਏ ਸਨ। ਇਨ੍ਹਾਂ ਸਮਝੌਤਿਆਂ ਦਾ ਉਦੇਸ਼ ਹਿੰਸਾ ਘਟਾਉਣਾ ਅਤੇ ਸ਼ਾਂਤੀ ਪੂਰਨ ਗੱਲਬਾਤ ਲਈ ਅਨੁਕੂਲ ਮਾਹੌਲ ਬਣਾਉਣਾ ਸੀ, ਪਰ ਪਿਛਲੇ ਕੁਝ ਸਾਲਾਂ ਦੇ ਤਜਰਬੇ ਨੇ ਇਨ੍ਹਾਂ ਦੀ ਕਾਰਗੁਜ਼ਾਰੀ ਅਤੇ ਪ੍ਰਭਾਵਸ਼ੀਲਤਾ ਬਾਰੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।ਮੌਜੂਦਾ ਹਾਲਾਤ ਦਰਸਾਉਂਦੇ ਹਨ ਕਿ ਹਥਿਆਰਬੰਦ ਗਤੀਵਿਧੀਆਂ ਅਤੇ ਹਿੰਸਾ ਜਾਰੀ ਰਹੀ ਹੈ।ਇਸ ਲਈ ਸਸਪੈਂਸ਼ਨ ਆਫ਼ ਓਪਰੇਸ਼ਨਜ਼ ਸਮਝੌਤਿਆਂ ਦੇ ਪੂਰੇ ਢਾਂਚੇ ਦੀ ਵਿਆਪਕ ਸਮੀਖਿਆ ਕਰਨਾ ਇੱਕ ਤੁਰੰਤ ਲੋੜ ਬਣ ਚੁੱਕੀ ਹੈ।

ਇਸ ਦੇ ਨਾਲ ਹੀ ਭਾਰਤ ਅਤੇ ਮਿਆਂਮਾਰ ਵਿਚਕਾਰ ਮੌਜੂਦ ਲੰਮੀ ਅਤੇ ਵੱਡੇ ਪੱਧਰ 'ਤੇ ਖੁੱਲ੍ਹੀ ਸਰਹੱਦ ਵੀ ਇੱਕ ਵੱਡੀ ਚੁਣੌਤੀ ਹੈ। ਮਿਆਂਮਾਰ ਦੀ ਰਾਜਨੀਤਕ ਅਸਥਿਰਤਾ ਅਤੇ ਹਥਿਆਰਬੰਦ ਸੰਘਰਸ਼ਾਂ ਦਾ ਸਿੱਧਾ ਅਸਰ ਸਰਹੱਦੀ ਖੇਤਰਾਂ 'ਤੇ ਪਿਆ ਹੈ। ਹਥਿਆਰਬੰਦ ਤੱਤਾਂ ਦੀ ਆਵਾਜਾਈ, ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਹੋਰ ਗੈਰ-ਕਾਨੂੰਨੀ ਗਤੀਵਿਧੀਆਂ ਨੇ ਮਣੀਪੁਰ ਅਤੇ ਪੂਰੇ ਉੱਤਰ-ਪੂਰਬੀ ਖੇਤਰ ਦੀ ਸੁਰੱਖਿਆ ਸਥਿਤੀ ਨੂੰ ਹੋਰ ਪੇਚੀਦਾ ਬਣਾ ਦਿੱਤਾ ਹੈ।

ਹਾਲਾਂਕਿ, ਸੀ ਪੀ ਆਈ ਦਾ ਪੱਕਾ ਮੰਨਣਾ ਹੈ ਕਿ ਮਣੀਪੁਰ ਦੇ ਸੰਕਟ ਨੂੰ ਕੇਵਲ ਕਾਨੂੰਨ- ਵਿਵਸਥਾ ਦੀ ਸਮੱਸਿਆ ਵਜੋਂ ਨਹੀਂ ਦੇਖਿਆ ਜਾ ਸਕਦਾ। ਸਥਾਈ ਸ਼ਾਂਤੀ ਸਿਰਫ਼ ਸੁਰੱਖਿਆ ਦਸਤਿਆਂ ਰਾਹੀਂ ਕਾਇਮ ਨਹੀਂ ਕੀਤੀ ਜਾ ਸਕਦੀ। ਰਾਜ ਨੂੰ ਇੱਕ ਅਜਿਹੇ ਰਾਜਨੀਤਕ ਹੱਲ ਦੀ ਲੋੜ ਹੈ, ਜੋ ਸੰਵਾਦ, ਮਿਲਾਪ, ਨਿਆਂ ਅਤੇ ਸਾਰਿਆਂ ਭਾਈਚਾਰਿਆਂ ਵਿਚਕਾਰ ਆਪਸੀ ਸਤਿਕਾਰ 'ਤੇ ਅਧਾਰਤ ਹੋਵੇ। ਹਿੰਸਾ ਨਾਲ ਪੈਦਾ ਹੋਏ ਜ਼ਖ਼ਮ ਗਹਿਰੇ ਹਨ ਅਤੇ ਉਨ੍ਹਾਂ ਨੂੰ ਭਰਨ ਲਈ ਲਗਾਤਾਰ ਯਤਨਾਂ ਦੀ ਲੋੜ ਹੋਵੇਗੀ। ਭਾਈਚਾਰਿਆਂ ਵਿਚਕਾਰ ਭਰੋਸੇ ਦੀ ਬਹਾਲੀ ਕਿਸੇ ਵੀ ਸ਼ਾਂਤੀ ਪ੍ਰਕਿਰਿਆ ਦਾ ਕੇਂਦਰੀ ਉਦੇਸ਼ ਬਣਨਾ ਚਾਹੀਦਾ ਹੈ।

ਅਫਸੋਸ, ਮੌਜੂਦਾ ਭਾਜਪਾ ਸਰਕਾਰ ਲੋਕਾਂ ਦੇ ਵੱਡੇ ਹਿੱਸੇ ਦਾ ਭਰੋਸਾ ਗੁਆ ਚੁੱਕੀ ਹੈ। ਇੱਕ ਨਿਰਪੱਖ ਅਤੇ ਪ੍ਰਭਾਵਸ਼ਾਲੀ ਅਥਾਰਟੀ ਵਜੋਂ ਕੰਮ ਕਰਨ ਵਿੱਚ ਇਸ ਦੀ ਅਸਮਰੱਥਾ ਨੇ ਵੰਡ ਅਤੇ ਬੇਭਰੋਸਗੀ ਨੂੰ ਹੋਰ ਗਹਿਰਾ ਕੀਤਾ ਹੈ। ਜਿਹੜੀ ਸਰਕਾਰ ਲੋਕਾਂ ਦਾ ਭਰੋਸਾ ਗੁਆ ਬੈਠੇ, ਉਹ ਮਿਲਾਪ ਦੀ ਪ੍ਰਕਿਰਿਆ ਦੀ ਸਫਲ ਅਗਵਾਈ ਨਹੀਂ ਕਰ ਸਕਦੀ।

ਇਸ ਸੰਦਰਭ ਵਿੱਚ ਇੱਕ ਮਹੱਤਵਪੂਰਨ ਰਾਜਨੀਤਕ ਘਟਨਾ 5-6 ਜੂਨ 2026 ਨੂੰ ਹੋਈ ਭਾਰਤੀ ਕਮਿਊਨਿਸਟ ਪਾਰਟੀ ਦੀ ਮਣੀਪੁਰ ਰਾਜ ਕੌਂਸਲ ਦੀ ਮੀਟਿੰਗ ਸੀ। ਮੌਜੂਦਾ ਸਥਿਤੀ ਦੀ ਵਿਸਥਾਰ ਨਾਲ ਸਮੀਖਿਆ ਕਰਨ ਤੋਂ ਬਾਅਦ ਰਾਜ ਕੌਂਸਲ ਇਸ ਨਤੀਜੇ 'ਤੇ ਪਹੁੰਚੀ ਕਿ ਮੌਜੂਦਾ ਸਰਕਾਰ ਲੋਕਾਂ ਦੀ ਜਾਨ, ਮਾਲ ਅਤੇ ਸੁਰੱਖਿਆ ਦੀ ਰੱਖਿਆ ਕਰਨ ਸੰਬੰਧੀ ਆਪਣੀਆਂ ਸੰਵਿਧਾਨਕ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਮੀਟਿੰਗ ਨੇ ਨੋਟ ਕੀਤਾ ਕਿ ਕੇਂਦਰ ਸਰਕਾਰ ਦੀ ਲੰਮੀ ਦਖ਼ਲ ਅੰਦਾਜ਼ੀ ਅਤੇ ਵਾਰ-ਵਾਰ ਦਿੱਤੇ ਗਏ ਭਰੋਸਿਆਂ ਦੇ ਬਾਵਜੂਦ ਕਤਲ, ਜ਼ਬਰਦਸਤੀ ਵਸੂਲੀ, ਹਥਿਆਰਬੰਦ ਗਤੀਵਿਧੀਆਂ ਅਤੇ ਉਜਾੜਾ ਬਿਨਾਂ ਰੁਕੇ ਜਾਰੀ ਹਨ। ਰਾਜ ਕੌਂਸਲ ਨੇ ਵੇਖਿਆ ਕਿ ਸਰਕਾਰ ਲੋਕਾਂ ਦੇ ਵੱਡੇ ਹਿੱਸੇ ਦਾ ਭਰੋਸਾ ਗੁਆ ਬੈਠੀ ਹੈ ਅਤੇ ਹੁਣ ਉਹ ਇੱਕ ਭਰੋਸੇਯੋਗ ਅਤੇ ਨਿਰਪੱਖ ਅਥਾਰਟੀ ਵਜੋਂ ਰਾਜ ਨੂੰ ਸ਼ਾਂਤੀ ਅਤੇ ਮਿਲਾਪ ਵੱਲ ਲੈ ਜਾਣ ਦੇ ਯੋਗ ਨਹੀਂ ਰਹੀ। ਇਸ ਲਈ ਸੀ ਪੀ ਆਈ ਰਾਜ ਕੌਂਸਲ ਨੇ ਮੌਜੂਦਾ ਸਰਕਾਰ ਦੇ ਅਸਤੀਫ਼ੇ ਦੀ ਮੰਗ ਕੀਤੀ ਅਤੇ ਇੱਕ ਨਵੀਂ ਸਰਕਾਰ ਬਣਾਉਣ ਦੀ ਅਪੀਲ ਕੀਤੀ, ਜੋ ਸਾਰੇ ਭਾਈਚਾਰਿਆਂ ਦਾ ਭਰੋਸਾ ਜਿੱਤ ਸਕੇ, ਲੋਕਾਂ ਵਿੱਚ ਵਿਸ਼ਵਾਸ ਬਹਾਲ ਕਰ ਸਕੇ ਅਤੇ ਮਣੀਪੁਰ ਦੀ ਏਕਤਾ ਅਤੇ ਖੇਤਰੀ ਅਖੰਡਤਾ ਨੂੰ ਕਾਇਮ ਰੱਖਣ ਲਈ ਸਮਾਵੇਸ਼ੀ ਸੰਵਾਦ ਅਤੇ ਮਿਲਾਪ ਦੀ ਪ੍ਰਕਿਰਿਆ ਸ਼ੁਰੂ ਕਰ ਸਕੇ।

ਸੀ ਪੀ ਆਈ ਇੱਕ ਅਜਿਹੀ ਸਰਕਾਰ ਦੇ ਗਠਨ ਦੀ ਮੰਗ ਕਰਦੀ ਹੈ, ਜੋ ਨਿਰਪੱਖ ਸ਼ਾਸਨ, ਲੋਕਤੰਤਰੀ ਸਲਾਹ-ਮਸ਼ਵਰੇ ਅਤੇ ਸਮਾਵੇਸ਼ੀ ਸੰਵਾਦ ਲਈ ਵਚਨਬੱਧ ਹੋਵੇ। ਅਜਿਹੀ ਸਰਕਾਰ ਨੂੰ ਸਾਰੇ ਭਾਈਚਾਰਿਆਂ ਵਿਚਕਾਰ ਭਰੋਸਾ ਵਧਾਉਣ ਵਾਲੇ ਕਦਮ ਚੁੱਕਣੇ ਚਾਹੀਦੇ ਹਨ, ਵਿਸਥਾਪਿਤ ਲੋਕਾਂ ਦੀ ਸੁਰੱਖਿਅਤ ਵਾਪਸੀ ਅਤੇ ਪੁਨਰ ਵਸੇਬੇ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ, ਹਿੰਸਾ ਦੇ ਪੀੜਤਾਂ ਲਈ ਨਿਆਂ ਦੀ ਗਾਰੰਟੀ ਦੇਣੀ ਚਾਹੀਦੀ ਹੈ ਅਤੇ ਹਥਿਆਰਬੰਦ ਗਰੁੱਪਾਂ ਅਤੇ ਜ਼ਬਰਦਸਤੀ ਵਸੂਲੀ ਦੇ ਗਰੋਹਾਂ ਦੀਆਂ ਗਤੀਵਿਧੀਆਂ 'ਤੇ ਸਖ਼ਤੀ ਨਾਲ ਰੋਕ ਲਗਾਉਣੀ ਚਾਹੀਦੀ ਹੈ। ਰਾਹਤ ਅਤੇ ਪੁਨਰ ਵਸੇਬੇ ਦੇ ਯਤਨਾਂ ਨੂੰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ ਅਤੇ ਨੁਕਸਾਨ ਝੱਲਣ ਵਾਲੇ ਸਾਰੇ ਲੋਕਾਂ ਨੂੰ, ਭਾਵੇਂ ਉਹ ਕਿਸੇ ਵੀ ਭਾਈਚਾਰੇ ਨਾਲ ਸਬੰਧਤ ਹੋਣ, ਯੋਗ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ।

ਮਣੀਪੁਰ ਵਿੱਚ ਜਾਰੀ ਅਸਥਿਰਤਾ ਕੇਵਲ ਇੱਕ ਰਾਜ ਦੀ ਸਮੱਸਿਆ ਨਹੀਂ, ਇਹ ਪੂਰੇ ਦੇਸ਼ ਲਈ ਚਿੰਤਾ ਦਾ ਵਿਸ਼ਾ ਹੈ। ਸਾਰੀਆਂ ਰਾਸ਼ਟਰੀ ਰਾਜਨੀਤਕ ਪਾਰਟੀਆਂ ਅਤੇ ਲੋਕਤੰਤਰੀ ਤਾਕਤਾਂ ਨੂੰ ਇਸ ਸੰਕਟ ਨੂੰ ਉਸ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ, ਜਿਸ ਦੀ ਇਹ ਮੰਗ ਕਰਦਾ ਹੈ। ਲੰਮੇ ਸਮੇਂ ਤੋਂ ਚੱਲ ਰਹੀ ਹਿੰਸਾ, ਉਜਾੜਾ ਅਤੇ ਆਮ ਨਾਗਰਿਕ ਜੀਵਨ ਦੇ ਵਿਘਟਨ ਨੇ ਨਾ ਸਿਰਫ਼ ਮਣੀਪੁਰ ਦੇ ਲੋਕਾਂ ਨੂੰ ਭਾਰੀ ਦੁੱਖ ਦਿੱਤਾ ਹੈ, ਸਗੋਂ ਰਾਸ਼ਟਰੀ ਸੰਪ੍ਰਭੁਤਾ, ਖੇਤਰੀ ਅਖੰਡਤਾ ਅਤੇ ਲੋਕਤੰਤਰੀ ਸੰਸਥਾਵਾਂ ਦੀ ਅਥਾਰਟੀ ਬਾਰੇ ਵੀ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਕੋਈ ਵੀ ਦੇਸ਼ ਉਦਾਸੀਨ ਨਹੀਂ ਰਹਿ ਸਕਦਾ ਜਦੋਂ ਉਸਦੇ ਕਿਸੇ ਹਿੱਸੇ ਵਿੱਚ ਇੰਨੇ ਲੰਬੇ ਸਮੇਂ ਤੱਕ ਅਸੁਰੱਖਿਆ, ਹਥਿਆਰਬੰਦ ਟਕਰਾਅ ਅਤੇ ਗਹਿਰੀ ਸਮਾਜਿਕ ਵੰਡ ਜਾਰੀ ਰਹੇ।

ਇਸ ਲਈ ਮਣੀਪੁਰ ਵਿੱਚ ਅਮਨ, ਨਿਆਂ ਅਤੇ ਸਧਾਰਨ ਹਾਲਤਾਂ ਦੀ ਬਹਾਲੀ ਸਿਰਫ਼ ਇੱਕ ਮਨੁੱਖੀ ਫ਼ਰਜ਼ ਹੀ ਨਹੀਂ, ਸਗੋਂ ਇੱਕ ਰਾਸ਼ਟਰੀ ਜ਼ਿੰਮੇਵਾਰੀ ਵੀ ਹੈ। ਦੇਸ਼ ਇਸ ਗੱਲ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਕਿ ਮਣੀਪੁਰ ਲਹੂ-ਲੁਹਾਣ ਹੁੰਦਾ ਰਹੇ ਅਤੇ ਅਸੀਂ ਮੂੰਹ ਮੋੜ ਲਈਏ।

ਭਾਰਤੀ ਕਮਿਊਨਿਸਟ ਪਾਰਟੀ ਮਣੀਪੁਰ ਦੇ ਲੋਕਾਂ ਦੇ ਨਾਲ ਅਮਨ, ਸੁਰੱਖਿਆ, ਸਨਮਾਨ ਅਤੇ ਲੋਕਤੰਤਰੀ ਹੱਕਾਂ ਦੀ ਉਨ੍ਹਾਂ ਦੀ ਲੜਾਈ ਵਿੱਚ ਮਜ਼ਬੂਤੀ ਨਾਲ ਖੜ੍ਹੀ ਹੈ। ਮੌਜੂਦਾ ਸਰਕਾਰ ਦਾ ਤੁਰੰਤ ਅਸਤੀਫ਼ਾ, ਸਸਪੈਂਸ਼ਨ ਆਫ਼ ਓਪਰੇਸ਼ਨਜ਼ ਸਮਝੌਤਿਆਂ ਦੀ ਵਿਆਪਕ ਸਮੀਖਿਆ, ਭਾਰਤ-ਮਿਆਂਮਾਰ ਸਰਹੱਦ ਦਾ ਪ੍ਰਭਾਵਸ਼ਾਲੀ ਪ੍ਰਬੰਧਨ ਅਤੇ ਮਣੀਪੁਰ ਦੇ ਸਮਾਜ ਦੇ ਸਾਰੇ ਵਰਗਾਂ ਨੂੰ ਇਕੱਠਾ ਕਰਨ ਦੇ ਸਮਰੱਥ ਨਵੀਂ ਸਰਕਾਰ ਦੀ ਸਥਾਪਨਾ ਆਮ ਹਾਲਤਾਂ ਦੀ ਬਹਾਲੀ ਵੱਲ ਲਾਜ਼ਮੀ ਕਦਮ ਹਨ। ਕੇਵਲ ਅਜਿਹੀ ਲੋਕਤੰਤਰੀ ਅਤੇ ਸਮਾਵੇਸ਼ੀ ਪਹੁੰਚ ਰਾਹੀਂ ਹੀ ਮਣੀਪੁਰ ਵਿੱਚ ਸਥਾਈ ਅਮਨ, ਸਥਿਰਤਾ ਅਤੇ ਤਰੱਕੀ ਹਾਸਲ ਕੀਤੀ ਜਾ ਸਕਦੀ ਹੈ।

**(ਲੇਖਕ ਸੀ ਪੀ ਆਈ ਦੇ ਰਾਸ਼ਟਰੀ ਸਕੱਤਰੇਤ ਦੇ ਸਥਾਈ ਨਿਮੰਤ੍ਰਿਤ ਮੈਂਬਰ ਹਨ)**

**# ਸੰਪਰਕ : +91 99884-91002**

